ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸ਼ੁੱਕਰਵਾਰ, 8 ਅਗਸਤ 2025 (ਨਾਨਕਸ਼ਾਹੀ ਸੰਮਤ : ੫੫੭, ੨੩ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਸੰਜੀਵ ਅਰੋੜਾ ਦੀ ਚੋਣ ਨੂੰ ਹਾਈ ਕੋਰਟ 'ਚ ਚੁਣੌਤੀ; ਚੋਣਾਂ ਦੌਰਾਨ ਜਾਣਕਾਰੀ ਲੁਕਾਉਣ ਦਾ ਇਲਜ਼ਾਮ

**ਨਵੀਂ ਦਿੱਲੀ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਵਿੱਚ ਹੋਈ ਵਿਧਾਨ ਸਭਾ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਮੰਤਰੀ ਸੰਜੀਵ ਅਰੋੜਾ ਨੇ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਪਰ ਹੁਣ ਸੰਜੀਵ ਅਰੋੜਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਦੱਸ ਦਈਏ ਕਿ ਲੁਧਿਆਣਾ ਪੱਛਣ ਤੋਂ ਵਿਧਾਇਕ ਦੀ ਚੋਣ ਜਿੱਤਣ ਵਾਲੇ ਅਤੇ ਹੁਣ ਮੰਤਰੀ ਬਣੇ ਸੰਜੀਵ ਅਰੋੜਾ ਦੇ ਚੋਣ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਿਕ ਲੁਧਿਆਣਾ ਪੱਛਮੀ ਦੇ ਇੱਕ ਵੋਟਰ ਜਸਵਿੰਦਰ ਸਿੰਘ ਮੱਲ੍ਹੀ ਨੇ ਸੰਜੀਵ ਅਰੋੜਾ ਦੇ ਚੋਣ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਚੋਣ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਇਰ ਕੀਤੀ ਗਈ ਹੈ। ਪਟੀਸ਼ਨਕਰਤਾ ਜਸਵਿੰਦਰ ਸਿੰਘ ਮੱਲ੍ਹੀ ਦਾ ਇਲਜ਼ਾਮ ਹੈ ਕਿ ਸੰਜੀਵ ਅਰੋੜਾ ਨੇ ਇਸ ਚੋਣ 'ਚ ਨਾਜਾਇਜ਼ ਤਰੀਕੇ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਆਪਣੀ ਨਾਮਜ਼ਦਗੀ 'ਚ ਵੀ ਉਨ੍ਹਾਂ ਨੂੰ ਗਲਤ ਜਾਣਕਾਰੀਆਂ ਦਿੱਤੀਆਂ ਗਈਆਂ ਹਨ ਅਤੇ ਕਈ ਜਾਣਕਾਰੀਆਂ ਉਨ੍ਹਾਂ ਵੱਲੋਂ ਲੁਕਾਈਆਂ ਗਈਆਂ ਹਨ। ਖੈਰ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਚੋਣ ਪਟੀਸ਼ਨ 'ਤੇ ਸੁਣਵਾਈ 13 ਅਗਸਤ ਨੂੰ ਕੀਤੀ ਜਾਵੇਗੀ। ਜਸਵਿੰਦਰ ਸਿੰਘ ਮੱਲ੍ਹੀ ਨੇ ਗੈਰ ਵਾਜਿਬ ਤੌਰ ਤਰੀਕਿਆਂ ਦੀ ਵਰਤੋਂ ਦਾ ਇਲਜ਼ਾਮ ਲਗਾਇਆ ਹੈ। ਨਾਲ ਹੀ ਕਿਹਾ ਕਿ ਚੋਣ ਦੌਰਾਨ ਸਰਕਾਰੀ ਮਸ਼ੀਨਰੀ ਦੀ ਵੀ ਦੁਰਵਰਤੋਂ ਕੀਤੀ ਗਈ।

## ਅਦਾਲਤ ਨੇ ਸੁਣਾਇਆ ਵੱਡਾ ਫੈਸਲਾ

# ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ 'ਤੇ ਲੱਗਿਆ ਸਟੇਅ

**ਚੰਡੀਗੜ੍ਹ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲਗਾਤਾਰ ਦੂਜੇ ਦਿਨ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ 'ਤੇ ਸੁਣਵਾਈ ਕੀਤੀ। ਅਦਾਲਤ ਨੇ ਨੀਤੀ 'ਤੇ ਰੋਕ ਲਗਾ ਦਿੱਤੀ ਹੈ। ਪੰਜਾਬ ਸਰਕਾਰ ਨੂੰ ਚਾਰ ਹਫ਼ਤਿਆਂ ਵਿੱਚ ਜਵਾਬ ਦਾਇਰ ਕਰਨ ਲਈ ਕਿਹਾ ਗਿਆ ਹੈ। ਅਦਾਲਤ ਦੇ ਹੁਕਮ




ਜਲਦੀ ਹੀ ਜਾਰੀ ਕੀਤੇ ਜਾਣਗੇ। ਇਸ ਤੋਂ ਬਾਅਦ ਸਾਰੀ ਸਥਿਤੀ ਸਪੱਸ਼ਟ ਹੋ ਜਾਵੇਗੀ। ਪਟੀਸ਼ਨਕਰਤਾ ਦੇ ਵਕੀਲ ਚਰਨਪਾਲ ਸਿੰਘ ਬਾਗੜੀ ਨੇ ਅਦਾਲਤ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਇਹ ਜਾਣਕਾਰੀ ਦਿੱਤੀ। ਬੁੱਧਵਾਰ ਨੂੰ ਪਿਛਲੀ ਸੁਣਵਾਈ ਦੌਰਾਨ, ਅਦਾਲਤ ਨੇ ਸਰਕਾਰ ਦੀ ਇਸ ਨੀਤੀ ਨੂੰ ਇੱਕ ਦਿਨ ਲਈ ਰੋਕ ਲਾਈ ਸੀ। ਇਹ ਜਨਹਿੱਤ ਪਟੀਸ਼ਨ ਲੁਧਿਆਣਾ ਵਿੱਚ ਰਹਿਣ ਵਾਲੇ ਇੱਕ ਵਕੀਲ ਦੁਆਰਾ ਦਾਇਰ ਕੀਤੀ ਗਈ ਹੈ। ਅਦਾਲਤ ਨੇ ਸੁਣਵਾਈ ਦੌਰਾਨ ਦੋ ਮਹੱਤਵਪੂਰਨ ਸਵਾਲ ਚੁੱਕੇ। ਪਹਿਲਾ ਸਵਾਲ ਇਹ ਸੀ ਕਿ ਕੀ ਇਸ ਨੀਤੀ ਲਈ ਵਾਤਾਵਰਣ ਮੁਲਾਂਕਣ ਅਧਿਐਨ ਕੀਤਾ ਗਿਆ ਹੈ। ਦੂਜਾ ਸਵਾਲ ਇਹ ਸੀ ਕਿ ਬੇਜ਼ਮੀਨੇ ਮਜ਼ਦੂਰਾਂ ਅਤੇ ਜ਼ਮੀਨ 'ਤੇ ਨਿਰਭਰ ਹੋਰ ਲੋਕਾਂ ਦੇ ਪੁਨਰਵਾਸ ਲਈ ਕੀ ਪ੍ਰਬੰਧ ਹਨ। ਇਸ 'ਤੇ, ਐਡਵੋਕੇਟ ਜਨਰਲ ਮਨਿੰਦਰ ਸਿੰਘ ਗਰੇਵਾਲ ਨੇ ਅਦਾਲਤ ਤੋਂ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਅਤੇ ਕਿਹਾ ਕਿ ਇਹ ਨੀਤੀ 7 ਅਗਸਤ ਤੱਕ ਮੁਅੱਤਲ ਰਹੇਗੀ ਅਤੇ ਉਦੋਂ ਤੱਕ ਕੋਈ ਹੋਰ ਕਦਮ ਨਹੀਂ ਚੁੱਕਿਆ ਜਾਵੇਗਾ। ਅਦਾਲਤ ਨੇ ਇਹ ਵੀ ਕਿਹਾ ਕਿ "ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਬਨਾਮ ਚੰਡੀਗੜ੍ਹ ਪ੍ਰਸ਼ਾਸਨ" ਮਾਮਲੇ ਵਿੱਚ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਸ਼ਹਿਰੀ ਵਿਕਾਸ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਵਾਤਾਵਰਣ ਪ੍ਰਭਾਵ ਮੁਲਾਂਕਣ ਜ਼ਰੂਰੀ ਹੈ। ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਵਿੱਚ ਕੁਝ ਸੋਧਾਂ ਵੀ ਕੀਤੀਆਂ ਸਨ। ਜਿਸ ਨੂੰ ਕਿਸਾਨਾਂ ਦੇ ਹਿੱਤ ਵਿੱਚ ਕਿਹਾ ਗਿਆ ਸੀ। ਇਹ ਪਟੀਸ਼ਨ ਲੁਧਿਆਣਾ ਦੇ ਵਸਨੀਕ ਐਡਵੋਕੇਟ ਗੁਰਦੀਪ ਸਿੰਘ ਵੱਲੋਂ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਸੀ। ਉਹ ਖੁਦ ਇੱਕ ਕਿਸਾਨ ਹਨ ਅਤੇ ਉਨ੍ਹਾਂ ਦੀ ਆਪਣੀ ਜ਼ਮੀਨ ਇਸ ਨੀਤੀ ਅਧੀਨ ਆ ਰਹੀ ਸੀ। ਅਜਿਹੀ ਸਥਿਤੀ ਵਿੱਚ, ਉਨ੍ਹਾਂ ਨੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਵੱਲੋਂ ਲੈਂਡ ਪੂਲਿੰਗ ਨੀਤੀ ਨੂੰ ਚੁਣੌਤੀ ਦਿੱਤੀ। ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਕੇਂਦਰ ਸਰਕਾਰ ਵੱਲੋਂ ਜ਼ਮੀਨ ਪ੍ਰਾਪਤੀ ਸੰਬੰਧੀ ਸਪੱਸ਼ਟ ਨਿਯਮ ਬਣਾਏ ਗਏ ਹਨ ਅਤੇ ਰਾਜ ਸਰਕਾਰ ਆਪਣੀ ਮਰਜ਼ੀ ਨਾਲ ਇਨ੍ਹਾਂ ਕੇਂਦਰੀ ਨਿਯਮਾਂ ਨੂੰ ਨਹੀਂ ਬਦਲ ਸਕਦੀ। ਹਾਈ ਕੋਰਟ ਨੇ ਉਸ ਦੀ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਸੀ।

## ਲੈਂਡ ਪੂਲਿੰਗ ਨੂੰ ਲੈ ਕੇ 1 ਸਤੰਬਰ ਤੋਂ ਸ਼੍ਰੋਮਣੀ ਅਕਾਲੀ ਦਲ ਲਾਵੇਗਾ ਪੱਕਾ ਮੋਰਚਾ

**ਚੰਡੀਗੜ੍ਹ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਲੈਂਡ ਪੂਲਿੰਗ ਪਾਲਸੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਹੁਣ ਲੈਂਡ ਪੂਲਿੰਗ ਪਾਲਸੀ ਖਿਲਾਫ਼ ਸ਼੍ਰੋਮਣੀ ਅਕਾਲੀ ਦਲ 1 ਸਤੰਬਰ ਤੋਂ ਪੱਕਾ ਮੋਰਚਾ ਲਾਵੇਗਾ। ਪ੍ਰੈਸ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 1 ਸਤੰਬਰ ਤੋਂ ਹਰ ਰੋਜ਼ ਗੁਰਦੁਆਰਾ ਅੰਬ ਸਾਹਿਬ ਤੋਂ ਅਰਵਿੰਦ ਕੇਜਰੀਵਾਲ ਦੀ ਚੰਡੀਗੜ੍ਹ ਰਿਹਾਇਸ਼ ਤੱਕ ਮਾਰਚ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 31 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਮੋਰਚੇ ਦੀ ਸ਼ੁਰੂਆਤ ਕੀਤੀ ਜਾਵੇਗੀ। ਸੁਖਬੀਰ ਸਿੰਘ ਬਾਦਲ ਨੇ ਪਾਰਟੀ ਛੱਡ ਕੇ ਗਏ ਤਮਾਮ ਆਗੂਆਂ ਨੂੰ ਵਾਪਸ ਪਾਰਟੀ 'ਚ ਆਉਣ ਦੀ ਅਪੀਲ ਕੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਨੇ ਅਪੀਲ ਕੀਤੀ ਹੈ ਕਿ ਆਓ ਸਾਰੇ ਇਕੱਠੇ ਹੋਈਏ ਅਤੇ ਪੰਥ ਦੀ ਮਾਂ ਪਾਰਟੀ ਨੂੰ ਮਜ਼ਬੂਤ ਕਰੀਏ। ਜਥੇਦਾਰ ਸਾਹਿਬ ਦੇ ਹੁਕਮ ਮੁਤਾਬਕ ਸਾਨੂੰ ਸਾਰਿਆਂ ਨੂੰ ਇਕੱਠਾ ਹੋਣਾ ਚਾਹੀਦਾ ਹੈ। ਜੇਕਰ ਮੇਰੀ ਕਿਸੇ ਗੱਲ ਤੋਂ ਕੋਈ ਆਗੂ ਨਾਰਾਜ਼ ਹੈ ਤਾਂ ਮੈਂ ਹੱਥ ਜੋੜ ਕੇ ਮੁਆਫੀ ਮੰਗਦਾ ਹਾਂ। ਜੇਕਰ ਕੌਮ ਇਕਜੁੱਟ ਹੋਵੇਗੀ ਤਾਂ ਹੀ ਅਸੀਂ ਦੁਸ਼ਮਣਾਂ ਨਾਲ ਲੜ ਸਕਦੇ ਹਾਂ।



## ਡੂੰਘੀ ਖੱਡ ਵਿੱਚ ਡਿੱਗੀ ਸੀਆਰਪੀਐਫ ਦੀ ਗੱਡੀ, ਦੋ ਜਵਾਨਾਂ ਦੀ ਮੌਤ, 16 ਜ਼ਖਮੀ



**ਊਧਮਪੁਰ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਬਸੰਤਗੜ੍ਹ ਵਿੱਚ, ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੇ ਜਵਾਨਾਂ ਦੀ ਗੱਡੀ ਡੂੰਘੀ ਖੱਡ ਵਿੱਚ ਡਿੱਗ ਗਈ। ਇਹ ਦਰਦਨਾਕ ਹਾਦਸਾ ਕੰਡਵਾ ਖੇਤਰ ਦੇ ਨੇੜੇ ਵਾਪਰਿਆ। ਇਸ ਹਾਦਸੇ ਵਿੱਚ ਦੋ ਸੀਆਰਪੀਐਫ ਜਵਾਨਾਂ ਦੀ ਮੌਤ ਹੋ ਗਈ। ਜਦਕਿ 16 ਜਵਾਨ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਿਕ ਸਾਰੇ ਜ਼ਖਮੀਆਂ ਨੂੰ ਕਮਾਂਡ ਹਸਪਤਾਲ ਲਿਜਾਇਆ ਜਾ ਰਿਹਾ ਹੈ। ਬਚਾਅ ਟੀਮਾਂ ਮੌਕੇ 'ਤੇ ਮੌਜੂਦ ਹਨ। ਕੇਂਦਰੀ ਮੰਤਰੀ ਡਾ. ਜਿਤੇਂਦਰ ਸਿੰਘ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਦੱਸ ਦਈਏ ਕਿ ਕੰਡਵਾ-ਬਸੰਤਗੜ੍ਹ ਖੇਤਰ ਵਿੱਚ ਸੀਆਰਪੀਐਫ ਵਾਹਨ ਨਾਲ ਹੋਏ ਸੜਕ ਹਾਦਸੇ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ। ਗੱਡੀ ਵਿੱਚ ਬਹੁਤ ਸਾਰੇ ਬਹਾਦਰ ਸੀਆਰਪੀਐਫ ਜਵਾਨ ਸਵਾਰ ਸਨ। ਮੈਂ ਹੁਣੇ ਹੀ ਡੀਸੀ ਸਲੋਨੀ ਰਾਏ ਨਾਲ ਗੱਲ ਕੀਤੀ ਹੈ, ਜੋ ਨਿੱਜੀ ਤੌਰ 'ਤੇ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ ਅਤੇ ਮੈਨੂੰ ਜਾਣਕਾਰੀ ਦੇ ਰਹੇ ਹਨ। ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ ਗਏ ਹਨ। ਸਥਾਨਕ ਲੋਕ ਸਵੈ-ਇੱਛਾ ਨਾਲ ਮਦਦ ਲਈ ਅੱਗੇ ਆਏ ਹਨ। ਹਰ ਸੰਭਵ ਮਦਦ ਯਕੀਨੀ ਬਣਾਈ ਜਾ ਰਹੀ ਹੈ। ਇਸ ਦਰਦਨਾਕ ਹਾਦਸੇ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਜਾਣਕਾਰੀ ਅਨੁਸਾਰ, ਐਂਬੂਲੈਂਸਾਂ ਨੂੰ ਵੀ ਮੌਕੇ 'ਤੇ ਭੇਜਿਆ ਗਿਆ ਹੈ। ਗੱਡੀ ਦੇ ਖੱਡ ਵਿੱਚ ਡਿੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਜਾਂਚ ਕਰ ਰਹੀ ਹੈ ਅਤੇ ਹਾਦਸੇ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸੀਆਰਪੀਐਫ ਨੇ ਦੱਸਿਆ ਕਿ 187ਵੀਂ ਬਟਾਲੀਅਨ ਦਾ ਇੱਕ ਵਾਹਨ, ਜਿਸ ਵਿੱਚ 18 ਜਵਾਨ ਸਨ, ਅੱਜ ਸਵੇਰੇ 10:30 ਵਜੇ ਦੇ ਕਰੀਬ ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਕਡਵਾ ਤੋਂ ਬਸੰਤ ਗੜ੍ਹ ਜਾ ਰਹੇ ਸਨ, ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਖੱਡ ਵਿੱਚ ਡਿੱਗ ਗਿਆ।

## ਟਰੰਪ ਦੀ ਹੋਣ ਵਾਲੀ ਹੈ ਮੌਤ! ਵਾਇਰਲ ਵੀਡੀਓ ਨੇ ਮਚਾਈ ਤਰਥੱਲੀ

**ਨਵੀਂ ਦਿੱਲੀ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-The Simpsons ਨੇ ਅਸਲ-ਸੰਸਾਰ 'ਚ ਵਾਪਰਨ ਵਾਲੀਆਂ ਘਟਨਾਵਾਂ ਦੀ ਕਈ ਸਾਲ ਪਹਿਲਾਂ 'ਭਵਿੱਖਬਾਣੀ' ਕਰਨ ਦੀ ਆਪਣੀ ਅਦਭੁਤ ਯੋਗਤਾ ਲਈ ਇੱਕ ਵਿਸ਼ਵਵਿਆਪੀ ਪ੍ਰਸਿੱਧੀ ਬਣਾਈ ਹੈ। ਤਕਨੀਕੀ ਤਰੱਕੀ ਤੋਂ ਲੈ ਕੇ ਰਾਜਨੀਤਿਕ ਮੀਲ ਪੱਥਰਾਂ ਤੱਕ, ਲੰਬੇ ਸਮੇਂ ਤੋਂ ਚੱਲ ਰਹੇ ਐਨੀਮੇਟਡ ਸਿਟਕਾਮ ਨੇ ਆਪਣੀ ਦੂਰਦਰਸ਼ਤਾ ਨਾਲ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ। ਹੁਣ ਇਹ ਸ਼ੋਅ ਦੁਬਾਰਾ ਸੁਰਖੀਆਂ 'ਚ ਆ ਗਿਆ ਹੈ ਉਹ ਵੀ ਇੱਕ ਵੀਡੀਓ ਦੇ ਕਾਰਨ ਜੋ ਇੰਸਟਾਗ੍ਰਾਮ 'ਤੇ ਵਾਇਰਲ ਹੋਇਆ ਹੈ, ਜਿਸ ਵਿੱਚ ਕਥਿਤ ਤੌਰ 'ਤੇ ਅਗਸਤ 2025 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਮੌਤ ਦੀ ਭਵਿੱਖਬਾਣੀ ਕੀਤੀ ਗਈ ਹੈ। ਕਲਿੱਪ 'ਚ ਇੱਕ ਪਾਤਰ ਹੈ ਜੋ ਡੋਨਾਲਡ ਟਰੰਪ ਕਾਫੀ ਮਿਲਦਾ ਜੁਲਦਾ ਹੈ। ਇਹ ਵੀਡੀਓ ਪੋਸਟ ਹੋਣ ਤੋਂ ਬਾਅਦ ਲਗਾਤਾਰ ਵਾਇਰਲ ਹੋ ਰਿਹਾ ਹੈ। ਦ ਸਿੰਪਸਨਜ਼ ਦੀ ਡੋਨਾਲਡ ਟਰੰਪ ਦੀ ਮੌਤ ਦੀ ਭਵਿੱਖਬਾਣੀ ਦੀ ਹੈਰਾਨ ਕਰਦੀ ਵਾਇਰਲ ਵੀਡੀਓ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦੀ ਛਾਤੀ ਦੀ ਗੰਭੀਰ ਬਿਮਾਰੀ ਤੋਂ ਬਾਅਦ ਅਗਸਤ 2025 'ਚ ਮੌਤ ਹੋਣ ਦੀ ਉਮੀਦ ਹੈ। ਵੀਡੀਓ



ਮੁਤਾਬਕ ਇਹ ਭਵਿੱਖਬਾਣੀ 15 ਸਾਲ ਪਹਿਲਾਂ ਪ੍ਰਸਾਰਿਤ ਹੋਏ 'ਦਿ ਸਿੰਪਸਨਜ਼' ਦੇ ਇੱਕ ਐਪੀਸੋਡ ਦਾ ਹਿੱਸਾ ਸੀ। ਐਪੀਸੋਡ 'ਚ, ਇੱਕ ਕਾਰਟੂਨਿਸ਼ ਗੋਰੀ ਚਮੜੀ ਵਾਲਾ ਰਾਸ਼ਟਰਪਤੀ ਜਿਸਦੇ ਸੁਨਹਿਰੀ ਵਾਲ ਅਤੇ ਇੱਕ ਭੜਕੀਲੇ ਸੁਭਾਅ ਵਾਲਾ ਹੈ- ਜਿਸਨੂੰ ਡੋਨਾਲਡ ਟਰੰਪ ਸਮਝਿਆ ਜਾਂਦਾ ਹੈ-ਨੂੰ ਵ੍ਹਾਈਟ ਹਾਊਸ ਵਿੱਚ ਇਕੱਲੇ ਤੁਰਦੇ ਦਿਖਾਇਆ ਗਿਆ ਹੈ। ਇਹ ਦ੍ਰਿਸ਼ ਉਦੋਂ ਵਾਇਰਲ ਹੋ ਜਾਂਦਾ ਹੈ ਜਦੋਂ ਉਹ ਅਚਾਨਕ ਆਪਣੀ ਛਾਤੀ ਨੂੰ ਫੜ ਲੈਂਦਾ ਹੈ ਅਤੇ ਇੱਕ ਲਾਈਵ ਰਾਸ਼ਟਰੀ ਪ੍ਰਸਾਰਣ ਦੌਰਾਨ ਡਿੱਗ ਪੈਂਦਾ ਹੈ, ਜਿਸ ਨਾਲ ਸਟਾਫ ਅਤੇ ਮੈਡੀਕਲ ਟੀਮਾਂ ਵਿੱਚ ਘਬਰਾਹਟ ਫੈਲ ਜਾਂਦੀ ਹੈ। ਵੀਡੀਓ ਵਿਚ ਅੱਗੇ ਦਾਅਵਾ ਕਰਦਾ ਹੈ ਕਿ ਡਾਕਟਰਾਂ 'ਚੋਂ ਇੱਕ ਨੇ ਚੀਕ ਕੇ ਕਿਹਾ ਇਹ ਇਕ ਸੰਕੇਤ ਹੈ। ਇਹ ਸੀਨ ਕਥਿਤ ਤੌਰ 'ਤੇ ਇੰਨਾ ਬੇਚੈਨ ਕਰਨ ਵਾਲਾ ਸੀ ਕਿ ਇੰਟਰਨੈਟ ਅਫਵਾਹਾਂ ਦੇ ਅਨੁਸਾਰ, ਐਪੀਸੋਡ ਨੂੰ ਸਿੰਡੀਕੇਸ਼ਨ ਤੋਂ ਹਟਾ ਦਿੱਤਾ ਗਿਆ ਸੀ। ਵ੍ਹਾਈਟ ਹਾਊਸ ਵੱਲੋਂ ਸਿਹਤ ਸਥਿਤੀ ਦਾ ਖੁਲਾਸਾ ਕਰਨ ਤੋਂ ਬਾਅਦ ਸਿੰਪਸਨਜ਼ ਦੀ 2025 ਡੋਨਾਲਡ ਟਰੰਪ ਦੀ ਮੌਤ ਦੀ ਭਵਿੱਖਬਾਣੀ ਫਿਰ ਤੋਂ ਸ਼ੁਰੂ ਹੋ ਗਈ ਹੈ। ਅਟਕਲਾਂ ਦੀ ਅੱਗ 'ਚ ਤੇਲ ਪਾਉਂਦੇ ਹੋਏ, ਵ੍ਹਾਈਟ ਹਾਊਸ ਨੇ 17 ਜੁਲਾਈ, 2025 ਨੂੰ ਪੁਸ਼ਟੀ ਕੀਤੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕ੍ਰੋਨਿਕ ਵੇਨਸ ਇਨਸਫੀਸ਼ੀਏਸੀ (3੭9) ਦਾ ਪਤਾ ਲੱਗਿਆ ਹੈ। ਇਹ ਇਕ ਇੱਕ ਸੰਚਾਰ ਸੰਬੰਧੀ ਵਿਕਾਰ ਜੋ ਅਕਸਰ ਵੱਡੀ ਉਮਰ ਦੇ ਬਾਲਗਾਂ ਵਿੱਚ ਦੇਖਿਆ ਜਾਂਦਾ ਹੈ। ਲੱਤਾਂ ਤੋਂ ਦਿਲ ਤੱਕ ਖੂਨ ਦੇ ਮਾੜੇ ਪ੍ਰਵਾਹ ਕਾਰਨ ਹੋਣ ਵਾਲੀ ਇਹ ਸਥਿਤੀ ਸੋਜ, ਸੱਟ, ਵੈਰੀਕੋਜ਼ ਨਾੜੀਆਂ ਅਤੇ ਲੱਤਾਂ 'ਚ ਦਰਦ ਵਰਗੇ ਲੱਛਣਾਂ ਦਾ ਕਾਰਨ ਬਣਦੀ ਹੈ। ਰਾਸ਼ਟਰਪਤੀ ਦੇ ਡਾਕਟਰ ਡਾ. ਸੀਨ ਪੀ. ਬਾਰਬਾਬੇਲਾ ਨੇ ਸਪੱਸ਼ਟ ਕੀਤਾ ਕਿ ਇਹ ਬਿਮਾਰੀ ਜਾਨਲੇਵਾ ਨਹੀਂ ਹੈ ਅਤੇ 70 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਵਿੱਚ ਮੁਕਾਬਲਤਨ ਆਮ ਹੈ। ਟਰੰਪ ਜੋ ਕਿ 79 ਸਾਲ ਦੇ ਹਨ, ਨੇ ਕਥਿਤ ਤੌਰ 'ਤੇ ਦਿਲ ਦੇ ਸਕੈਨ ਅਤੇ ਖੂਨ ਦੇ ਕੰਮ ਸਮੇਤ ਇੱਕ ਵਿਆਪਕ ਡਾਕਟਰੀ ਜਾਂਚ ਕਰਵਾਈ, ਜਿਸ ਵਿੱਚ ਕੋਈ ਵੱਡੀ ਦਿਲ ਸਬੰਧੀ ਬਿਮਾਰੀ ਦਾ ਖੁਲਾਸਾ ਨਹੀਂ ਹੋਇਆ।

## ਅਕਾਲ ਤਖਤ ਸਾਹਿਬ ਦੇ ਹੁਕਮ ਮਗਰੋਂ ਸੁਖਬੀਰ ਬਾਦਲ ਦਾ ਵੱਡਾ ਐਲਾਨ! ਹੱਥ ਜੋੜ ਕੇ ਮੰਗੀ ਮੁਆਫ਼ੀ

**ਅੰਮ੍ਰਿਤਸਰ, 7 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਾਰੇ ਪੰਥਕ ਧੜਿਆਂ ਤੋਂ ਮਾਫੀ ਮੰਗਦਿਆਂ ਉਨ੍ਹਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੱਲ੍ਹ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ ਕਿ ਸਾਰੀ ਕੌਮ ਇੱਕਜੁੱਟ ਹੋਣੀ ਚਾਹੀਦੀ ਹੈ ਤੇ ਸਾਰੇ ਧੜੇ ਇਕੱਠੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ, "ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਹੋਣ ਦੇ ਨਾਤੇ, ਮੈਂ ਸਪੱਸ਼ਟ ਕਰਦਾ ਹਾਂ ਕਿ ਤਖ਼ਤ ਸਾਹਿਬ ਤੋਂ ਜੋ ਵੀ ਹੁਕਮ ਆਏ ਹਨ, ਅਸੀਂ



ਪਹਿਲਾਂ ਵੀ ਉਨ੍ਹਾਂ ਦੀ ਪਾਲਣਾ ਕੀਤੀ ਹੈ ਤੇ ਭਵਿੱਖ ਵਿੱਚ ਵੀ ਕਰਦੇ ਰਹਾਂਗੇ।" ਸੁਖਬੀਰ ਬਾਦਲ ਨੇ ਕਿਹਾ ਕਿ ਤਖ਼ਤ ਸਾਹਿਬ ਦਾ ਸੰਦੇਸ਼ ਇਹ ਹੈ ਕਿ ਅੱਜ ਸਾਡੀ ਕੌਮ, ਧਰਮ ਤੇ ਪੰਜਾਬ 'ਤੇ ਵੱਡੇ ਹਮਲੇ ਹੋ ਰਹੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਕੌਮ ਦੀ ਪਾਰਟੀ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਸਾਰੇ ਸਾਥੀ ਸਾਡੇ ਤੋਂ ਨਾਰਾਜ਼ ਹੋ ਗਏ ਤੇ ਵੱਖ ਹੋ ਗਏ ਤੇ ਆਪਣੇ ਗਰੁੱਪ ਬਣਾ ਲਏ। ਮੈਂ ਉਨ੍ਹਾਂ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਉਹ ਪਾਰਟੀ ਵਿੱਚ ਵਾਪਸ ਆ ਜਾਣ। ਜੇਕਰ ਉਹ ਮੇਰੇ ਨਾਲ ਨਾਰਾਜ਼ ਹਨ ਤਾਂ ਮੈਂ ਤੁਹਾਡੇ ਤੋਂ ਹੱਥ ਜੋੜ ਕੇ ਮੁਆਫ਼ੀ ਮੰਗਦਾ ਹਾਂ। ਅਸੀਂ ਉਨ੍ਹਾਂ ਦਾ ਦਿਲੋਂ ਸਵਾਗਤ ਕਰਾਂਗੇ। ਉਧਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੋਂ ਬਾਅਦ ਅੱਜ ਭਰਤੀ ਕਮੇਟੀ ਤੇ ਬਾਗ਼ੀ ਅਕਾਲੀ ਆਗੂਆਂ ਨੇ ਵੀ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ। ਸ਼੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਹੈ ਕਿ ਕੋਈ ਵੀ ਧੜਾ ਅਕਾਲ ਤਖ਼ਤ ਦੀ ਅਗਵਾਈ ਦੱਸ ਕੇ ਆਪਣੀਆਂ ਗਤੀਵਿਧੀਆਂ ਨਾ ਚਲਾਏ। ਇਸ ਤੋਂ ਬਾਅਦ ਬਾਗੀ ਧੜਾ ਭਵਿੱਖ ਦੀ ਰਾਜਨੀਤੀ 'ਤੇ ਚਰਚਾ ਕਰ ਰਿਹਾ ਹੈ। ਭਰਤੀ ਕਮੇਟੀ ਵੱਲੋਂ ਭਰਤੀ ਸਬੰਧੀ ਮੁਹਿੰਮ ਤੇ ਡੈਲੀਗੇਟ ਚੁਣਨ ਦੀ ਮੁਹਿੰਮ ਮੁਕੰਮਲ ਕਰਨ ਤੋਂ ਬਾਅਦ 11 ਅਗਸਤ ਨੂੰ ਪ੍ਰਧਾਨ ਦੀ ਚੋਣ ਲਈ ਇਜਲਾਸ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਗਈ ਸੀ ਕਿ ਪ੍ਰਧਾਨ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਦਿੱਤਾ ਜਾਵੇ। ਧਾਮੀ ਨੇ ਅਗਲੇਰੀ ਕਾਰਵਾਈ ਲਈ ਇਹ ਪੱਤਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੜਗੱਜ ਨੂੰ ਭੇਜ ਦਿੱਤਾ ਸੀ ਪਰ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

## ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੁ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULWINDER MANN** |
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mentioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

**To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.**

**--ADVICE--**
**Request to all Sangat to have own travel Insurance individualy!**

**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


**FOR MORE INFORMATION PLS. CONTACT**

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULVINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

## ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL +44 7458 381111, +44 7976 210161)

PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net


ਧਰਿਓ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ


ਧੰਨ-ਧੰਨ ਮਾਤਾ ਸਾਹਿਬ ਕੌਰ ਜੀ

ਗੁਰਮਤਿ ਸਮਾਗਮ


ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV



ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
ਸੰਤ ਬਾਬਾ ਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

## ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)

# ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨਿ ਕੋਟਿ ਧੰਨਵਾਦ

# ਸ਼ੁਕਰਾਨੇ ਦੀ ਅਰਦਾਸ

**ਸਨਿੱਚਰਵਾਰ 30 ਅਗਸਤ 2025 ਸ਼ਾਮ 3 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣਗੇ। ਉਪੰਰਤ 5 ਵਜੇ ਤੱਕ ਦੀਵਾਨ ਸੱਜਣਗੇ**

ਸਰਦਾਰ ਜਤਿੰਦਰ ਸਿੰਘ ਮੰਡ ਦੇ ਘਰ ਪੁੱਤਰ ਕਾਕਾ ਫ਼ਤਹਿ ਫੁਰਮਾਨ ਸਿੰਘ ਦੀ ਦਾਤ ਪ੍ਰਾਪਤ ਹੋਈ। ਸਮੂੰਹ ਮੰਡ ਪਰਿਵਾਰ ਦਾਦਾ ਅਤੇ ਦਾਦੀ ਵੱਲੋਂ ਰਿਸ਼ਤੇਦਾਰ ਸਾਕ ਸਬੰਧੀ ਯਾਰਾਂ ਦੋਸਤਾਂ ਨੂੰ ਬੇਨਤੀ ਹੈ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

--✶ ਗੁਰੂ ਪੰਥ ਦੇ ਸੇਵਾਦਾਰ ✶--

# ਸਮੂਹ ਮੰਡ ਪਰਿਵਾਰ

## ਅਤੇ ਸਾਕ-ਸਬੰਧੀ


CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR
WEBSITE


SCAN HERE FOR
WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




## ਸਮੂਹ ਸ਼ਹੀਦਾਂ ਨੂੰ ਸਮਰਪਿਤ 15/16/17 ਅਗਸਤ 2025 ਨੂੰ ਮਹਾਨ ਗੁਰਮਤਿ ਸਮਾਗਮ

ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲੱਗ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਈ ਜਾਵੇਗੀ।

ਸਮੂਹ ਸ਼ਹੀਦਾਂ ਦੀ ਯਾਦ ਅਤੇ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

☛ਸ਼ੁੱਕਰਵਾਰ 15 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ 10 ਵਜੇ ਆਰੰਭ ਹੋਵੇਗੀ ਅਤੇ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।
☛ਸ਼ਨਿੱਚਰਵਾਰ 16 ਅਗਸਤ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 17 ਅਗਸਤ 2025 ਨੂੰ 6:30 ਵਜੇ ਸਵੇਰੇ ਚੁਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪੰਰਤ 1:00 ਵਜੇ ਤੱਕ ਦੀਵਾਨ ਸਜਣਗੇ।

☛ ਕਵੀਸ਼ਰੀ ਜਥਾ ਗਿਆਨੀ ਸੁਖਵਿੰਦਰ ਸਿੰਘ ਚੀਮਾ ਖੁੱਡੀ ਮਾਝੇ ਵਾਲੇ । ☛ ਕਥਾ ਵਾਚਕ ਗਿਆਨੀ ਹੀਰਾਂ ਸਿੰਘ ਦਮਦਮੀ ਟਕਸਾਲ ਵਾਲੇ। ☛ ਕੀਰਤਨੀ ਜਥਾ ਰਾਗੀ ਭਾਈ ਅਵਤਾਰ ਸਿੰਘ ਬੁੱਟਰ ਬਾਬਾ ਬਕਾਲਾ ਸਾਹਿਬ ਵਾਲੇ ਗੁਰਬਾਣੀ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

• ਵੱਖ-ਵੱਖ ਤਰ੍ਹਾਂ ਦੇ ਸਟਾਲ ਅਤੇ ਛਬੀਲ ਵੀ ਲੱਗੇਗੀ • ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk

email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ



ਕਲਮ ਫ਼ਾਊਂਡੇਸ਼ਨ ਅਤੇ ਸਿੰਘ ਟਰੈਵਲ ਕੈਨੇਡਾ ਵਲੋਂ

(ਅਜੀਤ ਵੀਕਲੀ, ਦਰਸ਼ਨ ਟੀਵੀ ਅਤੇ ਪੰਜਾਬੀ ਸਿੱਖ ਸੰਗਤ ਕੈਨੇਡਾ ਦੇ ਸਹਿਯੋਗ ਨਾਲ)

11ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ

9 ਅਗਸਤ ਦਿਨ ਸ਼ਨੀਵਾਰ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ

ਸਥਾਨ: ਅਜੀਤ ਭਵਨ 7015 Tranmere Drive Mississauga Canada



ਆਵਾਜ਼ਿ ਕੌਮ AWAZE QAUM International Newspaper & WEB TV

ਬੁਲਾਰੇ ਅਤੇ ਪ੍ਰਬੰਧਕ: ਕਾਨਫਰੰਸ ਵਿੱਚ ਵਿਸ਼ੇਸ਼ ਤੌਰ ਤੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਡਾ. ਰਵੇਲ ਸਿੰਘ ਦਿੱਲੀ, ਡਾ. ਪ੍ਰਮਜੀਤ ਸਿੰਘ ਸਰੋਆ, ਡਾ. ਗੁਰਨਾਮ ਕੌਰ, ਪ੍ਰਿੰਸੀਪਲ ਜਸਬੀਰ ਕੌਰ ਪਟਿਆਲਾ, ਡਾ. ਅਮਰ ਸਿੰਘ GNDU, ਡਾ. ਅਖਤਰ ਸੰਧੂ ਹਿਸਟੋਰੀਅਨ, ਤਾਹਿਰਾ ਸਰਾ ਅਤੇ ਡਾ. ਹੁਸਨੈਨ ਅਕਬਰ ਸਮੇਤ ਬਹੁਤ ਸਾਰੇ ਬੁਲਾਰੇ ਤੇ ਕਵੀ ਵੀ ਭਾਗ ਲੈਣਗੇ।





# ਸ਼ਹੀਦ ਭਾਈ ਨਿੱਜਰ ਦੀ ਸ਼ਹੀਦੀ ਥਾਂ ’ਤੇ ਬਣ ਰਿਹਾ ਯਾਦਗਾਰੀ ਗੇਟ ਤੇ ਸਮਾਰਕ

**ਡੈਲਟਾ (ਸਰੀ), 7 ਅਗਸਤ (ਸਰਬਜੀਤ ਸਿੰਘ ਬਨੂੜ)**-ਗੁਰੂ ਨਾਨਕ ਸਿੱਖ ਗੁਰਦੁਆਰਾ ਕਮੇਟੀ ਨੇ ਭਾਰਤੀ ਮੀਡੀਆ ਅਤੇ ਏਜੰਸੀਆਂ ਵਲੋਂ ਖ਼ਾਲਿਸਤਾਨ ਦੂਤਾਵਾਸ ਸੰਬੰਧੀ ਫੈਲਾਈਆਂ ਜਾ ਰਹੀਆਂ ਖ਼ਬਰਾਂ ਨੂੰ ਖੰਡਨ ਕਰਦਿਆਂ ਕਿਹਾ ਹੈ ਕਿ ਇਹ ਥਾਂ ਸਿੱਖ ਰਾਜਨੀਤਿਕ ਆਤਮ-ਗੌਰਵ ਦੀ ਪਹਿਚਾਣ ਹੈ। ਕਿਸੇ ਵੀ ਖ਼ਾਲਿਸਤਾਨੀ ਝੰਡੇ ਜਾਂ ਲਿਖਤ ਨੂੰ ਹਟਾਉਣ ਦੀ ਕੋਸ਼ਿਸ਼ ਨੂੰ ਸਿੱਧੀ ਭਾਰਤੀ ਦਖਲਅੰਦਾਜ਼ੀ ਮੰਨਿਆ ਜਾਵੇਗਾ, ਜਿਸਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਕਮੇਟੀ ਨੇ ਸੰਦੇਸ਼ ਦਿੱਤਾ ਕਿ ਸ਼ਹੀਦ ਨਿੱਜਰ ਦੇ ਕਤਲ ਕਰਵਾਉਣ ਵਾਲਿਆਂ ਨੂੰ ਇਹ ਭਰਮ ਸੀ ਕਿ ਉਨ੍ਹਾਂ ਦੀ ਹੱਤਿਆ ਨਾਲ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚੋਂ ਖ਼ਾਲਿਸਤਾਨ ਦੀ ਆਵਾਜ਼ ਚੁੱਪ ਹੋ ਜਾਵੇਗੀ।

## ਭਾਰਤੀ ਦਖਲਅੰਦਾਜ਼ੀ ਕਦੇ ਵੀ ਸਵੀਕਾਰ ਨਹੀਂ ਕਰਾਂਗੇ - ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ

ਗੁਰੂ ਨਾਨਕ ਸਿੱਖ ਗੁਰਦੁਆਰਾ ਸੋਸਾਇਟੀ, ਡੈਲਟਾ ਸਰੀ ਵਲੋਂ ਭੁਪਿੰਦਰ ਸਿੰਘ ਹੋਠੀ ਰਾਹੀਂ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਗਿਆ ਕਿ ਭਾਈ ਹਰਦੀਪ ਸਿੰਘ ਨਿੱਜਰ ਦੀ ਸ਼ਹੀਦੀ ਥਾਂ ’ਤੇ ਇੱਕ ਵਿਸ਼ੇਸ਼ ਯਾਦਗਾਰੀ ਗੇਟ ਅਤੇ ਸਮਾਰਕ ਬਣਾਇਆ ਜਾ ਰਿਹਾ ਹੈ। ਇਹ ਥਾਂ ਉਹੀ ਹੈ ਜਿੱਥੇ 18 ਜੂਨ 2023 ਨੂੰ ਭਾਰਤੀ ਏਜੰਟਾਂ ਵਲੋਂ ਉਨ੍ਹਾਂ ਦੀ ਹੱਤਿਆ ਕੀਤੀ ਗਈ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸੰਸਦ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਇਸ ਕਤਲ ਪਿੱਛੇ ਭਾਰਤੀ ਖੁਫੀਆ ਏਜੰਸੀਆਂ ਸਨ।

ਪਰਬੰਧਕ ਕਮੇਟੀ ਦੇ ਅਨੁਸਾਰ, ਇਹ ਇਮਾਰਤ ਮੁੱਖ ਤੌਰ ‘ਤੇ ਸਿਨੀਅਰ ਸਿਟੀਜ਼ਨ ਸੈਂਟਰ ਵਜੋਂ ਵਰਤੀ ਜਾਂਦੀ ਹੈ, ਪਰ ਹੁਣ ਇਸਨੂੰ ਨਿੱਜਰ ਦੀ ਸ਼ਹੀਦੀ ਦੀ ਯਾਦ ਵਿੱਚ ਇੱਕ ਸਮਾਰਕ ਸਥਾਨ ਵਜੋਂ ਵੀ ਵਿਕਸਤ ਕੀਤਾ ਜਾ ਰਿਹਾ ਹੈ।

ਜਿਕਰਯੋਗ ਹੈ ਕਿ 15 ਜੂਨ 2025 ਨੂੰ ਹਜ਼ਾਰਾਂ ਸਿੱਖ ਸੰਗਤਾਂ ਦੀ ਹਾਜ਼ਰੀ ਵਿੱਚ, ਗੁਰਦੁਆਰਾ ਸਥਾਨ ’ਤੇ ਖ਼ਾਲਿਸਤਾਨੀ ਝੰਡਾ ਲਹਿਰਾ ਕੇ ਨਿੱਜਰ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਨਵਾਂ ਸਾਈਨਬੋਰਡ ਲਾਇਆ ਗਿਆ, ਜਿਸ ’ਤੇ ਨਿੱਜਰ ਦੀ ਸ਼ਹੀਦੀ ਅਤੇ ਸੰਘਰਸ਼ ਦੀ ਪੁਸ਼ਟੀ ਕੀਤੀ ਗਈ ਅਤੇ ਇਹ ਸਥਾਨ ਆਜ਼ਾਦੀ ਦੀ ਲੜਾਈ ਦੀ ਨਿਸ਼ਾਨੀ ਵਜੋਂ ਦਰਸਾਇਆ ਗਿਆ।

ਭਾਈ ਅਮਨਦੀਪ ਸਿੰਘ ਜੋਹਲ ਦੀ ਅਗਵਾਈ ਹੇਠ, ਗੁਰਦੁਆਰਾ ਪ੍ਰਬੰਧਕਾਂ ਨੇ ਵਚਨ ਦਿੱਤਾ ਕਿ ਉਹ ਨਿੱਜਰ ਦੀ ਸ਼ੁਰੂ ਕੀਤੀ ਲਹਿਰ ਆਤਮ-ਨਿਰਭਰ ਸਿੱਖ ਰਾਜ ਦੀ ਲਹਿਰ ਨੂੰ ਅੱਗੇ ਵਧਾਉਣ ਲਈ ਸੰਕਲਪਬੱਧ ਹਨ।

ਗੁਰਦੁਆਰਾ ਕਮੇਟੀ ਨੇ ਅਖੀਰ ਵਿੱਚ ਇਹ ਸਪੱਸ਼ਟ ਕੀਤਾ ਕਿ ਦੁਨੀਆ ਭਰ ਦੇ ਗੁਰਦੁਆਰੇ ਅਸਲ ਵਿੱਚ ਸਿੱਖ ਕੌਮ ਦੇ ਦੂਤਾਵਾਸ ਹਨ। ਨਿਸ਼ਾਨ ਸਾਹਿਬ, ਜੋ ਹਰ ਗੁਰਦੁਆਰੇ ’ਤੇ ਉੱਚਾ ਲਹਿਰਾਉਂਦਾ ਹੈ, ਸਾਡੀ ਅਜ਼ਾਦ ਸੋਚ ਅਤੇ ਸਰਬੱਤ ਦੇ ਭਲੇ ਦੀ ਨਿਭਾਈ ਜਾਂਦੀ ਵਚਨਬੱਧਤਾ, ਸਿੱਖ ਅਜ਼ਾਦੀ ਅਤੇ ਉੱਚੇ ਅਦਰਸ਼ਾਂ ਦੀ ਨਿਸ਼ਾਨੀ ਹੈ। ••



### ਅੱਜ ਸਮਾਜ ਨੂੰ ਲੋੜ ਹੈ ਇਮਾਨਦਾਰ ਭਰੋਸੇਯੋਗ ਤੇ ਲਗਨ ਨਾਲ ਕੰਮ ਕਰਨ ਵਾਲੇ ਲੀਡਰਾਂ ਦੀ ਡਾ: ਕਿਸ਼ਨਪੁਰੀ

# ਸੈਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਵਿੱਚ ਇਨਵੇਸਟੀਚੁਰ ਸੈਰੇਮਨੀ ਕਰਵਾਈ



ਜੰਡਿਆਲਾ ਗੁਰੂ 7 ਅਗਸਤ ( ਕੁਲਵੰਤ ਸਿੰਘ ਵਿਰਦੀ ) ਕੱਲ੍ਹ ਦੇ ਨੌਜਵਾਨ ਨੇਤਾਵਾਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਸੈਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਇਨਵੇਸਟੀਚਰ ਸੈਰੇਮਨੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਸਕੂਲ ਦੇ ਸ਼ਾਨਦਾਰ ਆਟੋਡੋਰੀਅਮ ਵਿੱਚ ਬੜੇ ਜੋਸ਼ੋ ਖਰੋਸ਼ ਅਤੇ ਉਤਸਾਹ ਨਾਲ ਕੀਤਾ ਗਿਆ।ਇਸ ਸਮਾਰੋਹ ਵਿੱਚ ਬੱਚਿਆਂ ਦੇ ਮਾਤਾ ਪਿਤਾ ਵੀ ਹੁੰਮਹੁਮਾ ਕੇ ਸ਼ਾਮਿਲ ਹੋਏ! ਸਮਾਗਮ ਵਿੱਚ ਸਕੂਲ ਦੇ ਗਤੀਸ਼ੀਲ ਵਿਦਿਆਰਥੀਆਂ ਨੂੰ ਅਧਿਕਾਰਿਤ ਤੌਰ ਤੇ ਉਹਨਾਂ ਦੀਆਂ ਲੀਡਰਸ਼ਿਪ ਭੂਮਿਕਾਵਾਂ ਸੌਂਪੀਆਂ ਗਈਆਂ। ਉਹਨਾਂ ਨੂੰ ਦਿੱਤੀਆਂ ਗਈਆਂ ਜਿੰਮੇਵਾਰੀਆਂ ਅਤੇ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦਾ ਵਾਅਦਾ ਲਿਆ ਗਿਆ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਵੀ ਸ਼ਾਮਲ ਹੋਏ ਜਿੰਨਾ ਦਾ ਸਕੂਲ ਦੀ ਬੈਡ ਟੀਮ ਨੇ ਸ਼ਾਨਦਾਰ ਸਵਾਗਤ ਕੀਤਾ।। ਇਸ ਸਮਾਰੋਹ ਵਿੱਚ ਨਵੇਂ ਚੁਣੇ ਗਏ ਵਿਦਿਆਰਥੀ ਕੌਂਸਲ ਮੈਂਬਰਾਂ ਜਿਨਾਂ ਵਿੱਚ ਹੈਡ ਬੁਆਏ,ਹੈਡ ਗਰਲ, ਡਿਪਟੀ ਹੈਡ ਬੁਆਏ,ਡਿਪਟੀ ਹੈਡ ਗਰਲ ,ਸਪੀਕਰ,ਹਾਊਸ ਕਪਤਾਨ ,ਵਾਈਸ ਕਪਤਾਨ ਨੇ ਇਕ ਆਪਸੀ ਤਾਲਮੇਲ ਦੇ ਨਾਲ ਪਰੇਡ ਕਰਦੇ ਹੋਏ ਸਟੇਜ ਵੱਲ ਮਾਰਚ ਪਾਸ ਕੀਤਾ। ਉਹਨਾਂ ਨੂੰ ਸਨਮਾਨ ਅਤੇ ਜ਼ਿੰਮੇਵਾਰੀ ਦੇ ਚਿੰਨ ਵਜੋਂ ਆਪਣੀਆਂ ਆਪਣੀਆਂ ਜ਼ਿੰਮੇਵਾਰੀਆਂ ਦੇ ਟੈਗ ਪ੍ਰਦਾਨ ਕੀਤੇ ਗਏ। ਇਸ ਮੌਕੇ ਤੇ ਉਨਾਂ ਨੂੰ ਜ਼ਿੰਮੇਵਾਰੀ ਅਤੇ ਲਗਨ ਨਾਲ ਆਪਣੇ ਅਹੁਦੇ ਤੇ ਬਰਕਰਾਰ ਰਹਿਣ ਦੀ ਸਹੁੰ ਚੁਕਾਈ ਗਈ। ਇਸ ਮੌਕੇ ਤੇ ਮੈਨੇਜਿੰਗ ਡਾਇਰੈਕਟਰ ਡਾ:ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਅੱਜ ਲੋੜ ਹੈ ਸਮਾਜ ਨੂੰ ਇੱਕ ਇਮਾਨਦਾਰ ਭਰੋਸੇਯੋਗ ਅਤੇ ਲਗਨ ਨਾਲ ਕੰਮ ਕਰਨ ਵਾਲੇ ਲੀਡਰਾਂ ਦੀ।, ਉਹਨਾਂ ਨੇ ਇੱਕ ਬਿਹਤਰ ਭਵਿੱਖ ਨੂੰ ਆਕਾਰ ਦੇਣ ਵਿੱਚ ਲੀਡਰਸ਼ਿਪ ਜਵਾਬਦੇਹੀ ਅਤੇ ਸੇਵਾ ਦੀ ਮਹੱਤਤਾ ਤੇ ਜੋਰ ਦਿੱਤਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਵਿਦਿਆਰਥੀ ਨੇਤਾਵਾਂ ਨੂੰ ਰੋਲ ਮਾਡਲ ਬਣਨ ਅਤੇ ਇਮਾਨਦਾਰੀ ਅਨੁਸ਼ਾਸਨ ਅਤੇ ਹਮਦਰਦੀ ਨਾਲ ਅਗਵਾਈ ਕਰਨ ਦੀ ਅਪੀਲ ਕੀਤੀ।ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਹ ਪੂਰੇ ਸਕੂਲ ਲਈ ਬੜਾ ਮਾਣ ਵਾਲਾ ਪਲ ਸੀ ਕਿ ਵਿਦਿਆਰਥੀ ਲੀਡਰਸ਼ਿਪ ਦਾ ਇੱਕ ਨਵਾਂ ਅਧਿਆਏ ਜੁੜਨ ਜਾ ਰਿਹਾ ਸੀ ਇਸ ਸਾਰੇ ਸਮਾਰੋਹ ਦੀ ਕਾਰਵਾਈ ਬਹੁਤ ਹੀ ਸ਼ਾਨਦਾਰ ਵਕਤਾ ਮੈਡਮ ਸ੍ਰੀਮਤੀ ਨਵਜੀਤ ਕੌਰ ਜੀ ਨੇ ਬਖੂਬੀ ਨਿਭਾਈ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ, ਸ਼ਿਲਪਾ ਸ਼ਰਮਾ ਕੁਆਡੀਨੇਟਰ , ਨੀਲਾਕਸ਼ੀ ਗੁਪਤਾ ਕੁਆਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ। ਆਏ ਹੋਏ ਮਾਪਿਆਂ ਨੇ ਇਸ ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹ ਸਮਾਗਮ ਯਾਦਗਾਰੀ ਸਮਾਗਮ ਬਣ ਗਿਆ।

### ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਵਿਖੇ

# ਮਨਾਇਆ ਤੀਆਂ ਦਾ ਤਿਉਹਾਰ



**ਚੌਂਕ ਮਹਿਤਾ, 7 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀ ਨਾਮਵਰ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਬੀਤੇ ਦਿਨੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਅਤੇ ਵਿਦਿਆਰਥੀਆਂ ਨੂੰ ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਤੀਆਂ ਦਾ ਤਿਉਹਾਰ ਮਨਾਇਆ ਗਿਆ ਸਾਉਣ ਮਹੀਨੇ ਦਾ ਪ੍ਰਮੁੱਖ ਤਿਆਰ ਜਿਸ ਦਾ ਥੀਮ "ਤੀਆਂ ਤੀਜ ਦੀਆਂ" ਉਚੇਚੇ ਤੌਰ ਤੇ ਸਕੂਲ ਦੇ ਛੋਟੇ ਛੋਟੇ ਬੱਚਿਆਂ ਦੁਆਰਾ ਬੜੇ ਹੀ ਉਤਸਾਹ ਅਤੇ ਖੁਸ਼ੀ ਦੇ ਨਾਲ ਸਕੂਲ ਕੈਂਪਸ ਵਿਖੇ ਮਨਾਇਆ ਗਿਆ।ਬੱਚਿਆਂ ਦੁਆਰਾ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਬੋਲੀਆਂ, ਗਿੱਧਾ ਅਤੇ ਭੰਗੜਾ ਪਾ ਕੇ ਇਸ ਤਿਉਹਾਰ ਦਾ ਆਨੰਦ ਮਾਣਿਆ ਗਿਆ।ਸੰਸਥਾ ਦੇ ਚੇਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦਾ ਅਨਿਖੜਵਾਂ ਅੰਗ ਹਨ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਵਿਦਿਆਰਥੀਆਂ ਦੁਆਰਾ ਇਸ ਦਿਨ ਨੂੰ ਪੂਰੀ ਖੁਸ਼ੀ ਨਾਲ ਮਾਣਿਆ ਗਿਆ ਅਤੇ ਇੱਕ ਦੂਜੇ ਨਾਲ ਰਲ ਮਿਲ ਕੇ ਇਸ ਦਿਨ ਨੂੰ ਚਾਰ ਚੰਨ ਲਾਏ ਗਏ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈ. ਹਰਪ੍ਰੀਤ ਕੌਰ, ਮੈ. ਸੰਦੀਪ ਕੌਰ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਆਸਟਰੇਲੀਆ ਤੋਂ ਧੂਰੀ ਪਹੁੰਚਣ ਤੇ ਚੇਅਰਮੈਨ ਘੁੱਲੀ ਦਾ ਸੁਭਚਿੰਤਕਾਂ ਨੇ ਕੀਤਾ ਸਵਾਗਤ ਵੰਡੇ ਲੱਡੂ





**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੇ ਦਫਤਰ ਦਾ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਪਿਛਲੇ ਇੱਕ ਮਹੀਨੇ ਤੋਂ ਆਸਟਰੇਲੀਆ ਗਏ ਹੋਏ ਸਨ ਅੱਜ ਉਨਾਂ ਦੀ ਵਾਪਸੀ ਤੇ ਮੁੱਖ ਮੰਤਰੀ ਦੇ ਕੈਂਪਸ ਵਿਚ ਉਨਾਂ ਦੇ ਸ਼ੁਭ ਚਿੰਤਕਾਂ ਵੱਲੋਂ ਉਹਨਾਂ ਦਾ ਸਵਾਗਤ ਕਰਕੇ ਲੱਡੂ ਵੰਡੇ ਗਏ।ਇਸ ਮੌਕੇ ਸਿੱਖਿਆ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ ਆਪ ਆਗੂ ਮਾਣਾ ਗਰੇਵਾਲ, ਆਪ ਆਗੂ ਭਿੰਦਾ ਵਿਰਕ ਮਹਿਲਾ ਵਿੰਗ ਦੇ ਕੋਆਰਡੀਨੇਟਰ ਨਵਜੋਤ ਕੌਰ, ਸਰਪੰਚ ਰਾਜੂ ਬਰੜਵਾਲ, ਸਰਪੰਚ ਰਾਜ ਮਾਨਵਾਲਾ, ਸਰਪੰਚ ਬਲਵੀਰ ਸਿੰਘ ਈਸੀ,ਸੁਰਜੀਤ ਸਿੰਘ ਰਾਜੋਮਾਜਰਾ, ਸਰਪੰਚ ਭਗਵਾਨ ਸਿੰਘ ਭਲਵਾਨ ,ਸਰਪੰਚ ਜਸਵੀਰ ਦਾਸ ਢਢੋਗਲ ,ਸਰਪੰਚ ਲਾਲੀ ਵੰਗਾਵਾਲੀ, ਸਰਪੰਚ ਗੋਪਾਲ ਕ੍ਰਿਸ਼ਨ ਬੇਨੜਾ, ਸਰਪੰਚ ਗੋਪੀ ਮੀਮਸਾ , ਸਰਪੰਚ ਜਗਰਾਜ ਸਿੰਘ ਸੇਰਪੁਰ ਸੋਢੀਆਂ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾ, ਸਰਪੰਚ ਸਿਮਰਨਜੀਤ ਸਿੰਘ ਬਟੂਹਾ, ਸਰਪੰਚ ਸੁਖਚੈਨ ਸਿੰਘ ਮੂਲੋਵਾਲ ,ਗੁਰਵਿੰਦਰ ਭੋਜੋਵਾਲੀ, ਦਾਰਾ ਭੋਜੋਵਾਲੀ, ਹਰਵਿੰਦਰ ਸਿੰਘ, ਅਰਸ ਧੂਰੀ ਸੰਭੂ ਧੂਰੀ ਹਰਦੀਪ ਸਿੰਘ ਧੂਰੀ ਹਾਜ਼ਰ ਸਨ।

# ਕਾਂਗਰਸ ਦੇ ਅੰਮ੍ਰਿਤ ਬਰਾੜ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪਿੰਡ ਕਾਂਝਲਾ ਤੋਂ ਕੀਤੀ ਸ਼ੁਰੂਆਤ

### ਕਾਂਗਰਸ ਦਾ ਵਫ਼ਾਦਾਰ ਸਿਪਾਹੀ ਹੋਣ ਦੇ ਨਾਤੇ ਧੂਰੀ ਤੋਂ ਟਿਕਟ ਦਾ ਪੱਕਾ ਦਾਅਵੇਦਾਰ ਹਾਂ – ਅੰਮ੍ਰਿਤ ਬਰਾੜ





ਸੰਗਰੂਰ ( ਰਣਜੀਤ ਸਿੰਘ ਪੇਧਨੀ ) ਕਾਂਗਰਸ ਪਾਰਟੀ ਦੇ ਨੈਸ਼ਨਲ ਆਗੂ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਦੇ ਅਤੀ ਨਜਦੀਕੀ ਸਿੰਗਲਾ ਟੀਮ ਦੇ ਸਰਗਰਮ ਮੈਂਬਰ ਅੰਮ੍ਰਿਤ ਬਰਾੜ ਕਾਂਝਲਾ ਸੂਬਾ ਸੈਕਟਰੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਧੂਰੀ ਤੋਂ ਕਾਂਗਰਸ ਪਾਰਟੀ ਦੀ ਟਿਕਟ ਲਈ ਪੱਕੇ ਦਾਅਵੇਦਾਰੀ ਪੇਸ਼ ਕਰਦੇ ਹੋਏ ਆਪਣੇ ਜੱਦੀ ਪਿੰਡ ਕਾਂਝਲਾ ਤੋਂ ਅੱਜ ਵਿਧਾਨ ਸਭਾ ਚੋਣਾਂ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਅੱਜ ਅੰਮ੍ਰਿਤ ਬਰਾੜ ਵੱਲੋਂ ਪਿੰਡ ਦੇ ਸਰਪੰਚ ਸਤਿਗੁਰ ਸਿੰਘ ਖਾਲਸਾ ਦੀ ਅਗਵਾਈ ਹੇਠ ਸੈਂਕੜੇ ਹੀ ਪਿੰਡ ਵਾਸੀਆਂ ਦਾ ਭਰਵਾਂ ਇਕੱਠ ਕਰਕੇ ਐਲਾਨ ਕੀਤਾ ਗਿਆ ਕਿ ਉਹ ਕਾਂਗਰਸ ਪਾਰਟੀ ਦੀ ਵਿਧਾਨ ਸਭਾ ਹਲਕਾ ਧੂਰੀ ਤੋਂ ਟਿਕਟ ਪ੍ਰਾਪਤ ਕਰਕੇ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ ਵਿੱਚ ਪਾਉਣਗੇ।ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਲਈ ਉਹਨਾਂ ਵੱਲੋਂ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਸਮੇਂ ਸਮੇਂ ਸਿਰ ਕਾਂਗਰਸ ਪਾਰਟੀ ਦੀਆਂ ਹਦਾਇਤਾਂ ਤੇ ਇੱਕ ਨਿਮਾਣੇ ਵਰਕਰ ਵਜੋਂ ਕੰਮ ਕੀਤਾ ਜਾ ਚੁੱਕਿਆ ਹੈ ਅਤੇ ਪਿਛਲੇ ਲੰਮੇ ਸਮੇਂ ਤੋਂ ਉਹ ਕਾਂਗਰਸ ਪਾਰਟੀ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਦੇ ਆ ਰਹੇ ਹਨ। ਉਹਨਾਂ ਕਿਹਾ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਰਗਰਮ ਵਰਕਰ ਹੋਣ ਦੇ ਨਾਤੇ ਪਿਛਲੇ ਲੰਮੇ ਸਮੇਂ ਤੋਂ ਵਿਧਾਨ ਸਭਾ ਹਲਕਾ ਧੂਰੀ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨਾਲ ਵਿਚਰਦੇ ਆ ਰਹੇ ਹਨ ਅਤੇ ਪਿੰਡਾਂ ਦੇ ਲੋਕਾਂ ਵੱਲੋਂ ਉਹਨਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਉਹਨਾਂ ਕਿਹਾ ਕਿ ਅੱਜ ਦੇ ਇਸ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਇਲਾਕੇ ਦੇ ਲੋਕ ਉਹਨਾਂ ਨੂੰ ਆਪਾਂ ਉਮੀਦਵਾਰ ਵਜੋਂ ਦੇਖਣਾ ਚਾਹੁੰਦੇ ਹਨ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਗੁਰਸੇਬ ਸੈਂਭੀ ਮੈਂਬਰ ਜ਼ਿਲਾ ਪ੍ਰੀਸ਼ਦ, ਸਰਪੰਚ ਸਤਿਗੁਰ ਸਿੰਘ, ਸੁਖਵਿੰਦਰ ਸਿੰਘ ਪ੍ਰਧਾਨ ਕਾਂਗਰਸ ਕਿਸਾਨ ਵਿੰਗ, ਜਥੇਦਾਰ ਹਰਪਾਲ ਸਿੰਘ, ਦੀਦਾਰ ਸਿੰਘ ਬਲਾਕ ਸੰਮਤੀ ਮੈਂਬਰ, ਮਾ. ਪ੍ਰੀਤਮ ਸਿੰਘ, ਬਿੱਕਰ ਸਿੰਘ ਪੰਚ, ਜੀਵਨ ਸਿੰਘ, ਬਲਜੀਤ ਸਿੰਘ ਪੀਟਰ, ਸਰਬਜੀਤ ਸਿੰਘ ਨਰਸੀ ਪ੍ਰਧਾਨ ਕਲੱਬ, ਮੇਜਰ ਸਿੰਘ, ਬਾਲੀ ਪ੍ਰਧਾਨ, ਗੁਰਲਾਲ ਸਿੰਘ ਫੋਜੀ, ਸੁਰਜੀਤ ਸਿੰਘ ਸੀਤਾ, ਮਾਗੂ ਸਿੰਘ ਪੂੰਨਾਵਾਲ, ਜਗਰੂਪ ਸਿੰਘ, ਅਮਰਜੀਤ ਸਿੰਘ ਕਾਲਾ ਆਦਿ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਇਆ ਗਿਆ ਦਮਦਮੀ ਟਕਸਾਲ ਦਾ 319ਵਾਂ ਸਥਾਪਨਾ ਦਿਹਾੜਾ

# ਸਿੱਖੀ ਪ੍ਰਚਾਰ ਪ੍ਰਸਾਰ 'ਚ ਹੋਰ ਵੀ ਅੱਗੇ ਹੋ ਕੇ ਸੇਵਾ ਨਿਭਾਵੇਗੀ ਦਮਦਮੀ ਟਕਸਾਲ-ਗਿਆਨੀ ਹਰਨਾਮ ਸਿੰਘ ਖਾਲਸਾ



ਤਲਵੰਡੀ ਸਾਬੋ, 07 ਅਗਸਤ (ਗੁਰਜੰਟ ਸਿੰਘ ਨਥੇਹਾ)- ਸਿੱਖ ਪੰਥ ਦੀਆਂ ਸਿਰਮੌਰ ਸੰਸਥਾਵਾਂ ਚੋਂ ਇੱਕ ਦਮਦਮੀ ਟਕਸਾਲ ਦਾ 319ਵਾਂ ਸਥਾਪਨਾ ਦਿਵਸ,ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਵਾਲਿਆਂ ਦੀ ਅਗਵਾਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਸਿੱਖ ਕੌਮ ਦੇ ਚੌਥੇ ਤਖਤ,ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਕਰਕੇ ਮਨਾਇਆ ਗਿਆ ਜਿਸ ਵਿੱਚ ਟਕਸਾਲ ਦੇ ਵਿਦਿਆਰਥੀਆਂ ਤੋਂ ਇਲਾਵਾ ਸਿੱਖ ਧਾਰਮਿਕ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਤਖਤ ਸਾਹਿਬ ਦੇ ਗੁ: ਦਮਦਮਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ।ਅਰਦਾਸ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕੀਤੀ ਜਦੋਂਕਿ ਭੋਗ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਵੀ ਹਾਜ਼ਰੀ ਭਰੀ। ਭੋਗ ਉਪਰੰਤ ਮੁੱਖ ਸਮਾਗਮ ਤਖਤ ਸਾਹਿਬ ਦੇ ਦਰਬਾਰ ਸਾਹਿਬ ਚ ਕਰਵਾਏ ਗਏ। ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਗੁਰਬਾਣੀ ਕਥਾ ਵੀਚਾਰ ਰਾਹੀਂ ਸੰਗਤਾਂ ਨੂੰ ਅੰਮ੍ਰਿਤ ਛਕਕੇ ਗੁਰੂ ਵਾਲੇ ਬਨਣ ਲਈ ਪ੍ਰੇਰਿਤ ਕੀਤਾ। ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਥਾਪਨਾ ਸਮੇਂ ਤੋਂ ਹੀ ਜਿੱਥੇ ਦਮਦਮੀ ਟਕਸਾਲ ਸਿੱਖੀ ਪ੍ਰਚਾਰ ਪ੍ਰਸਾਰ ਚ ਅਹਿਮ ਭੂਮਿਕਾ ਨਿਭਾਉਂਦੀ ਆ ਰਹੀ ਹੈ ਉੱਥੇ ਲੋੜ ਪੈਣ ਤੇ ਟਕਸਾਲ ਦੇ ਮੁਖੀ ਸਾਹਿਬਾਨ ਧਰਮ ਦੀ ਰੱਖਿਆ ਲਈ ਸੀਸ ਦੇਣ ਤੋਂ ਪਿੱਛੇ ਨਹੀ ਹਟੇ ।ਉਨਾਂ ਕਿਹਾ ਕਿ ਦਮਦਮੀ ਟਕਸਾਲ ਦਾ ਨੀਂਹ ਪੱਥਰ ਦਮਦਮਾ ਸਾਹਿਬ ਦੀ ਧਰਤੀ ਦੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰੱਖਿਆ ਅਤੇ ਜਿੱਥੇ ਕੌਮ ਲਈ ਬਲੀਦਾਨ ਹੋਣ ਦੀ ਵਿਰਾਸਤ ਟਕਸਾਲ ਹਿੱਸੇ ਆਈ ਉੱਥੇ ਗੁਰਬਾਣੀ ਦੀ ਸੰਥਿਆ ਦੀ ਇੱਕ ਤਰ੍ਹਾਂ ਨਾਲ ਪੀ.ਐੱਚ.ਡੀ ਵੀ ਦਮਦਮੀ ਟਕਸਾਲ ਹਿੱਸੇ ਆਈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਵਿਦੇਸ਼ਾਂ ਵਿੱਚ ਵੀ ਦਮਦਮੀ ਟਕਸਾਲ ਦਾ ਪੂਰਾ ਬੋਲਬਾਲਾ ਹੈ ਅਤੇ ਟਕਸਾਲ ਗੁਰਮਤਿ ਗਾਡੀ ਰਾਹ ਤੇ ਅੱਜ ਵੀ ਨਿਰੰਤਰ ਚੱਲ ਰਹੀ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਗ੍ਰੰਥੀ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਵੱਲੋਂ ਸਿੱਖੀ ਪ੍ਰਚਾਰ ਪ੍ਰਸਾਰ ਚ ਪਾਏ ਜਾ ਰਹੇ ਯੋਗਦਾਨ ਨੂੰ ਸ਼ਲਾਘਾਯੋਗ ਦੱਸਿਆ। ਇਸ ਮੌਕੇ ਕੁਝ ਬੁਲਾਰਿਆਂ ਨੇ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਗੁਰਮੁਖੀ ਦੀ ਹੋਂਦ ਖਤਰੇ ਚ ਹੈ ਜਿਸਨੂੰ ਬਚਾਉਣ ਲਈ ਸਾਂਝੇ ਉਪਰਾਲੇ ਹੋਣੇ ਚਾਹੀਦੇ ਹਨ ।ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਪੁੱਜੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕਰਨ ਉਪਰੰਤ ਧੰਨਵਾਦੀ ਸੰਬੋਧਨ ਚ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਆਉਣ ਵਾਲੇ ਸਮਿਆਂ ਚ ਦਮਦਮੀ ਟਕਸਾਲ ਸਿੱਖੀ ਪ੍ਰਚਾਰ ਪ੍ਰਸਾਰ ਚ ਹੋਰ ਵੀ ਅੱਗੇ ਹੋਕੇ ਭੂਮਿਕਾ ਨਿਭਾਵੇਗੀ। ਸਮਾਗਮ ਚ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਜਥੇਦਾਰ ਮੋਹਨ ਸਿੰਘ ਬੰਗੀ, ਜਥੇਦਾਰ ਅਮਰੀਕ ਸਿੰਘ ਕੋਟਸ਼ਮੀਰ, ਬਾਬਾ ਬੂਟਾ ਸਿੰਘ ਗੁੜਥੜੀ, ਜਥੇਦਾਰ ਜਗਸੀਰ ਸਿੰਘ ਮਾਂਗੇਆਣਾ, ਭਾਈ ਮੇਜਰ ਸਿੰਘ ਢਿੱਲੋਂ ਪੰਜੇ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਅਵਤਾਰ ਸਿੰਘ ਬਣਵਾਲਾ ਮੈਂਬਰ ਧਰਮ ਪ੍ਰਚਾਰ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਭਾਈ ਸੁਖਦੇਵ ਸਿੰਘ ਆਨੰਦਪੁਰ ਸਾਹਿਬ, ਭਾਈ ਗੁਰਵਿੰਦਰ ਸਿੰਘ ਮੈਨੈਜ਼ਰ ਤਖਤ ਸ੍ਰੀ ਦਮਦਮਾ ਸਾਹਿਬ, ਬਾਬਾ ਗੁਰਵਿੰਦਰ ਸਿੰਘ ਝੂਲਣੇ ਮਹਿਲ, ਗਿਆਨੀ ਅਮਰਜੀਤ ਸਿੰਘ ਮਰਿਯਾਦਾ, ਅਜੈਬ ਸਿੰਘ ਅਭਿਆਸੀ, ਬਾਬਾ ਕਰਮ ਸਿੰਘ ਪੰਜੋਖੜਾ ਸਾਹਿਬ, ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਬਾਬਾ ਮੇਜਰ ਸਿੰਘ ਸੋਢੀ ਵੱਲੋਂ ਜਥੇਦਾਰ ਬੱਲਮ ਸਿੰਘ ਤਲਵੰਡੀ, ਬਾਬਾ ਪ੍ਰੀਤਮ ਸਿੰਘ ਮੱਲੜੀ, ਬਾਬਾ ਦਰਸ਼ਨ ਸਿੰਘ ਦਾਦੂ, ਅਕਾਲ ਕਾਲਜ ਕੌਂਸਲ ਦੇ ਪ੍ਰਚਾਰਕ ਬਾਬਾ ਬਲਜੀਤ ਸਿੰਘ ਫੱਕਰ, ਸਕੱਤਰ ਭੁਪਿੰਦਰ ਸਿੰਘ ਗਰੇਵਾਲ, ਸਤਨਾਮ ਸਿੰਘ ਦਮਦਮੀ, ਬਾਬਾ ਗੁਰਪਾਲ ਸਿੰਘ ਚੋਰਮਾਰ, ਬਾਬਾ ਕੁੰਦਨ ਸਿੰਘ ਤੇ ਬਾਬਾ ਮੇਜਰ ਸਿੰਘ ਦੇਸੂ ਸ਼ਹੀਦਾਂ, ਬਾਬਾ ਹਜ਼ੂਰਾ ਸਿੰਘ, ਭਾਈ ਹਰਚੰਦ ਸਿੰਘ, ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਬਾਬਾ ਮਹਿੰਦਰ ਸਿੰਘ ਮਸਤੂਆਣਾ, ਭਾਈ ਗੁਰਜੰਟ ਸਿੰਘ ਵਧੀਕ ਹੈੱਡ ਗ੍ਰੰਥੀ ਤਖਤ ਸਾਹਿਬ, ਸ਼ਹੀਦ ਭਾਈ ਮਨੀ ਸਿੰਘ ਸੇਵਾ ਸੁਸਾਇਟੀ ਤਲਵੰਡੀ ਸਾਬੋ ਦੇ ਨੁਮਾਇੰਦੇ,ਭਾਈ ਗੁਰਦੇਵ ਸਿੰਘ ਵਧੀਕ ਮੈਨੇਜ਼ਰ ਆਦਿ ਸਖਸ਼ੀਅਤਾਂ ਮੌਜੂਦ ਸਨ।

### ਕੌਮ ਵਾਸਤੇ ਬਲੀਦਾਨ ਹੋਣ ਦੀ ਵਿਰਾਸਤ ਅਤੇ ਗੁਰਬਾਣੀ ਸੰਥਿਆ ਦੀ ਪੀ.ਐੱਚ.ਡੀ ਟਕਸਾਲ ਹਿੱਸੇ ਆਈ- ਧਾਮੀ

ਆਵਾਜ਼ਿ ਕੌਮ AWAZE QAUM International Newspaper & WEB TV

ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵੱਲੋਂ

# ਬੱਚਿਆਂ ਦਾ ਲਗਾਇਆ ਮਨੋਰੰਜਨ ਟੂਰ



ਮਹਿਲ ਕਲਾਂ/ਬਰਨਾਲਾ -(ਵਰਿਆਮ ਹਠੂਰ)ਮਹਿਲ ਕਲਾਂ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵੱਲੋਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਇੱਕ ਰੋਜ਼ਾ ਮਨੋਰੰਜਨ ਸਰਗਰਮੀਆਂ ਨੂੰ ਮੁੱਖ ਰੱਖਦਿਆਂ ਪਨ ਜੋਏ ਬਠਿੰਡਾ ਦਾ ਟੂਰ ਲਗਾਇਆ, ਸਕੂਲ ਤੋਂ ਸਤਿਕਾਰਯੋਗ ਡਾਇਰੈਕਟਰ ਮੋਹਨੀਸ਼ ਮਿਸ਼ਾ ਜੀ ਵੱਲੋਂ ਵਿਦਿਆਰਥੀਆਂ ਨੂੰ ਸਕੂਲ ਤੋਂ ਰਵਾਨਾ ਕੀਤਾ ਗਿਆ ਤੇ ਇਸ ਮੌਕੇ ਉਹਨਾਂ ਨੇ ਕਿਹਾ ਕਿ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਵਿੱਦਿਆ ਦੇ ਨਾਲ -ਨਾਲ ਮਨੋਰੰਜਨ ਸਰਗਰਮੀਆਂ ਦਾ ਹੋਣਾ ਵੀ ਅਤਿ ਜ਼ਰੂਰੀ ਹੈ। ਵਿਦਿਆਰਥੀਆਂ ਵੱਲੋਂ ਮਾਣੀਆਂ ਜਾਣ ਵਾਲੀਆਂ ਹੋਰ ਮਨੋਰੰਜਕ ਸਰਗਰਮੀਆਂ ਵਿੱਚ 5-ਡੀ ਸ਼ੋਅ, ਭੂਤਰੇ ਘਰ, ਸ਼ੀਸ਼ੇ ਦੀਆਂ ਮੇਜਾਂ, ਬੰਜੀ ਜੰਪਿੰਗ ਆਦਿ ਸ਼ਾਮਿਲ ਸਨ। ਬੱਚਿਆਂ ਨੇ ਹੋਰ ਕਈ ਦਿਲਚਸਪ ਸਰਗਰਮੀਆਂ ਦਾ ਅਨੰਦ ਮਾਣਿਆ ਤੇ ਸਕੂਲ ਮੈਨੇਜਮੈਂਟ ਅਤੇ ਸਕੂਲ ਸਟਾਫ਼ ਦਾ ਧੰਨਵਾਦ ਕੀਤਾ, ਪ੍ਰਿੰਸੀਪਲ ਵੀਨਾ ਨਾਇਰ ਵੱਲੋਂ ਬੱਚਿਆਂ ਨੂੰ ਮਨੋਰੰਜਨ ਸਰਗਰਮੀਆਂ ਤੇ ਅਹਿਮ ਜਾਣਕਾਰੀ ਦਿੱਤੀ ਉਨ੍ਹਾਂ ਕਿਹਾ ਕਿ ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਬੱਚਿਆਂ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਦੇ ਨਾਲ ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੰਦਾ ਹੈ। ਤੇ ਸਕੂਲ ਦੇ ਬੱਚੇ ਮਨੋਰੰਜਨ ਟੂਰ ਲਗਾ ਕੇ ਬਾਗੋ ਬਾਗ ਹਨ। ਬੱਚਿਆਂ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੀ ਖੁਸ਼ੀ ਨੂੰ ਸਭ ਨਾਲ ਸਾਂਝਾ ਕਰਦਿਆਂ ਸਕੂਲ ਮੈਨੇਜਮੈਂਟ ਅਤੇ ਸਕੂਲ ਸਟਾਫ਼ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਸਕੂਲ ਦੇ ਡਾਇਰੈਕਟਰ ਮੋਹਨੀਸ਼ ਮਿਸ਼ਾ ਜੀ ਨੇ ਕਿਹਾ ਕਿ ਸਕੂਲ ਵਿੱਚ ਜਿੱਥੇ ਬੱਚਿਆਂ ਨੂੰ ਸਕੂਲ ਦਾ ਮਿਹਨਤੀ ਸਟਾਫ਼ ਸਖ਼ਤ ਮਿਹਨਤ ਨਾਲ ਬੱਚਿਆਂ ਨੂੰ ਵਿੱਦਿਆ ਦੇ ਖੇਤਰ ਵਿੱਚ ਅੱਗੇ ਆਉਣ ਲਈ ਪੁਲਾਂਘਾਂ ਪੁੱਟ ਰਿਹਾ ਹੈ। ਉੱਥੇ ਸਮੇਂ ਸਮੇਂ ਨਾਲ ਹੋਰ ਗਤੀਵਿਧੀਆਂ ਵੀ ਸਕੂਲ ਵਿੱਚ ਕਰਵਾ ਕੇ ਬੱਚਿਆਂ ਦਾ ਭਵਿੱਖ ਉਜਵਲ ਬਣਾਉਣ ਲਈ ਸ਼ਲਾਘਾਯੋਗ ਕਦਮ ਪੁੱਟ ਰਿਹਾ ਹੈ। ਇਸ ਮੌਕੇ ਸਕੂਲ ਸਟਾਫ਼ ਅਤੇ ਬੱਚੇ ਹਾਜ਼ਰ ਸਨ।

### ਸਕੂਲ ਦੇ ਬੱਚੇ ਹੋਏ ਬਾਗੋ-ਬਾਗ : ਪ੍ਰਿੰਸੀਪਲ ਵੀਨਾ ਨਾਇਰ

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਵਿੱਤੀ ਭਾਰਤ ਵੱਲੋਂ ਇਲਾਕੇ ਦੇ ਪਿੰਡਾਂ ਅੰਦਰ ਬੈਂਕ ਵੱਲੋਂ ਜਾਗਰੂਕਤਾ ਕੈਂਪ ਲਗਾਇਆ ਗਿਆ





**ਤਲਵੰਡੀ ਸਾਬੋ, 07 ਅਗਸਤ (ਗੁਰਜੰਟ ਸਿੰਘ ਨਥੇਹਾ)**- ਇਲਾਕੇ ਦੇ ਪਿੰਡ ਭਗਵਾਨਪੁਰਾ ਵਿਖੇ ਜ਼ਿਲ੍ਹਾ ਵਿੱਤੀ ਭਾਰਤ ਵੱਲੋਂ ਆਯੋਜਿਤ ਜਨਤਕ ਸੁਰੱਖਿਆ ਕੈਂਪ ਦੀ ਸਫਲਤਾ ਪੇਂਡੂ ਵਿਕਾਸ ਅਤੇ ਵਿੱਤੀ ਜਾਗਰੂਕਤਾ ਵੱਲੋਂ ਇੱਕ ਵੱਡਾ ਕਦਮ ਸਾਬਤ ਹੋਈ। ਅਰੋਹ ਫਾਉਂਡੇਸ਼ਨ ਅਤੇ ਸੀਐਫਐਲ ਬਠਿੰਡਾ ਦੀ ਟੀਮ ਦਾ ਸਰਗਰਮ ਸਹਿਯੋਗ, ਪਿੰਡ ਦੇ ਸਰਪੰਚ, ਗ੍ਰਾਮ ਪੰਚਾਇਤ ਮੈਂਬਰਾਂ ਨੇ ਇਸ ਨੂੰ ਪ੍ਰਭਾਵਸ਼ਾਲੀ ਅਤੇ ਸਫਲ ਬਣਾਇਆ। ਇਸ ਮੌਕੇ ਰਾਜ ਬੈਂਕ ਦੇ ਜ਼ੋਨਲ ਮੁਖੀ ਬਠਿੰਡਾ, ਬੂੰਦ ਆਮ ਪ੍ਰਬੰਧਕ ਸ੍ਰੀ ਅਭਿਸ਼ੇਕ ਸ਼ਰਮਾ ਨੇ ਪਿੰਡ ਵਾਸੀਆਂ ਅਤੇ ਵਿੱਤੀ ਸਕੀਮਾਂ ਅਤੇ ਹੋਰਾਂ ਨੂੰ ਆਨਲਾਈਨ ਧੋਖਾਧੜੀ ਅਤੇ ਸਾਈਬਰ ਅਪਰਾਧ ਤੋਂ ਬਚਣ ਲਈ ਪੇਸ਼ ਕੀਤਾ। ਲੀਡ ਜ਼ਿਲ੍ਹਾ ਮੈਨੇਜਰ ਸ੍ਰੀ ਕੁਲਭੂਸ਼ਣ ਬਾਂਸਲ, ਬੀ.ਐਸ ਅਪਰਾ, ਜਸਕਰਨ ਸਿੰਘ ਨੇ ਮੌਜੂਦ ਪਿੰਡ ਵਾਸੀਆ ਦੀ ਅਟਲ ਟੈਨਸ ਯੋਜਨਾ, ਸੁਕੰਨਿਆ ਯੋਜਨਾ ਅਤੇ ਪਿੰਡ ਵਾਸੀਆਂ ਨੂੰ ਸਰਕਾਰੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਗਈ। ਇਸਦੇ ਨਾਲ ਹੀ ਉਨ੍ਹਾਂ ਜ਼ੀਰੋ ਬੈਲੇਂਸ ਖਾਤਿਆਂ ਅਤੇ ਬਚਤ ਦੀ ਮਹੱਤਤਾ ਤੇ ਵੀ ਜ਼ੋਰ ਦਿੱਤਾ ਅਤੇ ਲੋਕਾਂ ਨੂੰ ਬੈਂਕਾਂ ਵਿੱਚ ਪਏ ਖੋਜੀ ਰਕਮ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਸ੍ਰੀ ਸੁਭਾਸ਼ ਅਟਵਾਲ ਏਜੀਐਮ (ਜ਼ੋਨਲ ਦਫਤਰ ਬਠਿੰਡਾ) ਅੰਕਿਤ ਕੁਮਾਰ ਬ੍ਰਾਂਚ ਪ੍ਰਬੰਧਕ ਤਲਵੰਡੀ ਸਾਬੋ, ਗੌਰਵ ਬਾਂਸਲ ਬ੍ਰਾਂਚ ਮੈਨੇਜਰ, ਕਰੋੜੀ ਲਾਲ, ਹੈਰੀ ਕਾਂਸਲ ਸਮੇਤ ਹੋਰ ਮੌਜੂਦ ਸਨ। ਪਿੰਡ ਵਾਸੀਆਂ ਨੂੰ ਲੱਭਣ ਵਾਲੇ-ਸਪਾਟ ਕਰਨ ਵਾਲੀਆਂ ਬੈਂਕਿੰਗ ਸੇਵਾਵਾਂ 'ਤੇ ਮੁਹੱਈਆ ਕਰਵਾਏ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਂਦਰਾਂ ਨੇ ਪਿੰਡ ਵਾਸੀਆਂ ਨੂੰ ਦੇ ਖਾਤੇ ਖੋਲ੍ਹ ਦਿੱਤੇ ਅਤੇ ਹੋਰ ਬੈਂਕਿੰਗ ਸੇਵਾਵਾਂ ਤਾਂ ਜੋ ਉਨ੍ਹਾਂ ਸ਼ਹਿਰਾਂ ਦੀਆਂ ਬੈਂਕ ਸ਼ਾਖਾਵਾਂ 'ਤੇ ਨਿਰਭਰ ਨਾ ਕਰਨ ।ਕੈਂਪ ਦੌਰਾਨ ਪਿੰਡ ਵਾਸੀਆਂ ਵਿਚ ਬਹੁਤ ਜ਼ਿਆਦਾ ਉਤਸ਼ਾਹ ਸੀ. ਬਜ਼ੁਰਗਾਂ, ਔਰਤਾ ਅਤੇ ਮਜ਼ਦੂਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ ਅਤੇ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ. ਮੌਕੇ 'ਤੇ ਬਹੁਤ ਸਾਰੇ ਲੋਕ ਬੀਮਾ ਯੋਜਨਾਵਾਂ ਵਿੱਚ ਰਜਿਸਟਰ ਕੀਤੇ ਗਏ ਅਤੇ ਉਹਨਾਂ ਦੇ ਬੈਂਕ ਖਾਤਿਆਂ ਨੂੰ ਅਪਡੇਟ ਕੀਤੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

## ਪਿੰਡ ਰਾਮਾਂ ਵਿਖੇ 'ਮੇਲਾ ਤੀਆਂ ਦਾ' ਪ੍ਰੋਗਰਾਮ ਆਯੋਜਿਤ

# ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਹਿੱਸਾ- ਬਲਜਿੰਦਰ ਕੌਰ



ਤਲਵੰਡੀ ਸਾਬੋ, 7 ਅਗਸਤ (ਗੁਰਜੰਟ ਸਿੰਘ ਨਥੇਹਾ)- ਪਿੰਡ ਰਾਮਾਂ ਵਿਖੇ ਨਗਰ ਸੁਧਾਰ ਕਮੇਟੀ ਵੱਲੋਂ ਭੂਰਾ ਸਿੰਘ ਉੱਪਲ ਯਾਦਗਾਰੀ ਖੇਡ ਸਟੇਡੀਅਮ ਵਿਖੇ ਨਗਰ ਕੌਂਸਲ ਰਾਮਾਂ ਦੇ ਸਾਬਕਾ ਪ੍ਰਧਾਨ ਸ੍ਰ. ਕੌਰ ਸਿੰਘ ਸਿੱਧੂ ਦੀ ਅਗਵਾਈ ਹੇਠ ਪਿੰਡ ਦੀਆਂ ਔਰਤਾਂ ਵੱਲੋਂ ਬੀਤੀ ਸ਼ਾਮ 'ਮੇਲਾ ਤੀਆਂ ਦਾ' ਪ੍ਰੋਗਰਾਮ ਕੀਤਾ ਗਿਆ। ਜਿਸ ਵਿਚ ਹਲਕਾ ਵਿਧਾਇਕਾ ਕੈਬਨਿਟ ਰੈਂਕ ਪ੍ਰੋਫੈਸਰ ਬਲਜਿੰਦਰ ਕੌਰ, ਗੁਰਪ੍ਰੀਤ ਕੌਰ ਸਿੱਧੂ ਚੇਅਰਪਰਸਨ ਮਾਰਕੀਟ ਕਮੇਟੀ ਰਾਮਾਂ, ਨਗਰ ਕੌਂਸਲ ਰਾਮਾਂ ਪ੍ਰਧਾਨ ਮਾਤਾ ਕਰਮਜੀਤ ਕੌਰ ਸਿੱਧੂ ਨੇ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿਸ ਨੂੰ ਹੁਣ ਦੀਆਂ ਮੁਟਿਆਰਾਂ ਮਾਡਰਨ ਜ਼ਮਾਨੇ ਦਾ ਹਵਾਲਾ ਦੇ ਕੇ ਭੁੱਲ ਰਹੀਆਂ ਹਨ। ਸੱਭਿਆਚਾਰ ਨੂੰ ਮੁੜ ਉੱਚਾ ਚੁੱਕਣ ਲਈ ਅੱਜ ਤੀਆਂ ਦਾ ਤਿਉਹਾਰ ਮਨਾਇਆ ਗਿਆ ਹੈ, ਜਿਸ ਵਿਚ ਪੂਰੇ ਪਿੰਡ ਦੀਆਂ ਮੁਟਿਆਰਾਂ ਅਤੇ ਔਰਤਾਂ ਵੱਲੋਂ ਗਿੱਧਾ ਅਤੇ ਬੋਲੀਆਂ ਪਾ ਕੇ ਬੜੇ ਵਧੀਆ ਢੰਗ ਨਾਲ ਮਨੋਰੰਜਨ ਕੀਤਾ ਗਿਆ। ਵਿਧਾਇਕਾ ਨੇ ਇਹ ਵੀ ਕਿਹਾ ਕਿ ਸ੍ਰ. ਕੌਰ ਸਿੰਘ ਸਿੱਧੂ ਲੰਬੇ ਸਮੇਂ ਤੋਂ ਪਿੰਡ ਨੂੰ ਨਸ਼ਾਮੁਕਤ ਕਰਨ ਲਈ ਵੀ ਕਮੇਟੀ ਬਣਾ ਕੇ ਮਿਹਨਤ ਕਰ ਰਹੇ ਹਨ, ਜੋ ਸ਼ਲਾਘਾਯੋਗ ਹੈ। ਇਸ ਮੌਕੇ ਉਕਤ ਮਹਿਮਾਨਾਂ ਅਤੇ ਔਰਤਾਂ ਤੋਂ ਇਲਾਵਾ ਨਗਰ ਸੁਧਾਰ ਕਮੇਟੀ ਦੇ ਪ੍ਰਧਾਨ ਲਵੇਲ ਸਿੰਘ ਸਿੱਧੂ ਅਤੇ ਕੌਰ ਸਿੰਘ ਸਿੱਧੂ, ਮੈਂਬਰ ਗੁਰਪਿੰਦਰ ਸਹਾਰਣ, ਗੁਰਚੇਤ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਨੰਬਰਦਾਰ, ਜਸਪ੍ਰੀਤ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ ਨੰਬਰਦਾਰ, ਰਮੇਸ਼ ਕੰਬੋਜ, ਦਰਸ਼ਨ ਬਰਾੜ, ਸੁਖਪਾਲ ਸਿੰਘ, ਬਸੰਤ ਸਿੰਘ, ਲੱਖਾ ਸ਼ਰਮਾ, ਤੇਜ਼ ਰਾਮ, ਗੁਰਜੰਟ ਸਿੰਘ ਸਿੱਧੂ, ਰਣਜੀਤ ਰੌਣੀ, ਜਸਕਰਨ ਸਿੰਘ, ਗੁਰਤੇਜ ਸਿੰਘ ਸਿੱਧੂ, ਗੀਤਾ ਚਹਿਲ, ਗਗਨ ਬੈਹਣੀਵਾਲ, ਬੱਲਾ ਬੈਹਣੀਵਾਲ, ਜਗਸੀਰ ਗਿੱਲ, ਹਰਬੰਸ ਸਿੰਘ, ਦਰਸ਼ਨ ਸਿੰਘ ਸਿੱਧੂ ਆਦਿ ਹਾਜ਼ਰ ਰਹੇ। ਸ੍ਰ. ਕੌਰ ਸਿੰਘ ਸਿੱਧੂ ਨੇ ਵਿਧਾਇਕਾ ਸਮੇਤ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਔਰਤਾਂ ਨੂੰ ਤੀਆਂ ਦੇ ਆਯੋਜਨ ਦੀ ਵਧਾਈ ਦਿੱਤੀ।

ਦਮਦਮੀ ਟਕਸਾਲ ਦਾ 319ਵਾਂ ਸਥਾਪਨਾ ਦਿਵਸ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੂਰੀ ਸ਼ਰਧਾ ਅਤੇ ਖ਼ਾਲਸਾਈ ਸ਼ਾਨ ਨਾਲ ਮਨਾਇਆ ਗਿਆ

# ਦਮਦਮੀ ਟਕਸਾਲ ਪੰਥ ਅਤੇ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਪ੍ਰਤੀ ਵਚਨਬੱਧ ਹੈ: ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

**☛ ਦਮਦਮੀ ਟਕਸਾਲ ਦਾ ਦੇਸ਼-ਵਿਦੇਸ਼ ਵਿੱਚ ਪੂਰਾ ਪ੍ਰਭਾਵ ਹੈ ਅਤੇ ਸਿੱਖ ਸਿਧਾਂਤਾਂ ਦੀ ਲਗਾਤਾਰ ਰਾਖੀ ਕਰ ਰਹੀ ਹੈ ☛ ਸਮਾਂ ਕਠਨਾਈਆਂ ਵਾਲਾ ਹੈ, ਅਸੀਂ ਸ਼ਹੀਦੀ ਸ਼ਤਾਬਦੀ ਮਨਾ ਰਹੇ ਹਾਂ, ਪਰ ਅਫ਼ਸੋਸ ਦੀ ਗੱਲ ਹੈ ਕਿ ਪੰਥ ਵਿੱਚ ਏਕਤਾ ਤੇ ਇਕਸੁਰਤਾ ਦੀ ਕਮੀ ਹੈ: ਹਰਜਿੰਦਰ ਸਿੰਘ ਧਾਮੀ**

















**ਤਖ਼ਤ ਸ੍ਰੀ ਦਮਦਮਾ ਸਾਹਿਬ / ਤਲਵੰਡੀ ਸਾਬੋ, 7 ਅਗਸਤ (ਸ਼ਮਸ਼ੇਰ ਸਿੰਘ ਜੇਠੂਵਾਲ, (ਬਾਬਾ ਸੁਖਵੰਤ ਸਿੰਘ ਚੰਨਣਕੇ )-** ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ, ਦਮਦਮੀ ਟਕਸਾਲ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਦਮਦਮੀ ਟਕਸਾਲ ਦਾ 319ਵਾਂ ਸਥਾਪਨਾ ਦਿਵਸ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਵਸ ਅਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦਾ 350ਵਾਂ ਗੁਰੂਤਾ ਗੱਦੀ ਦਿਵਸ ਪੂਰੀ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਸ਼ਾਨ ਨਾਲ ਮਨਾਇਆ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਛੇ ਦਿਨਾ ਧਾਰਮਿਕ ਸਮਾਗਮ ਦੇ ਆਖ਼ਰੀ ਦਿਨ, ਵਿਸ਼ਾਲ ਗੁਰਮਤਿ ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਅਤੇ ਦਮਦਮੀ ਟਕਸਾਲ ਦੇ ਪੁਰਾਣੇ ਅਤੇ ਮੌਜੂਦਾ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਾਨ ਸੰਤਾਂ ਅਤੇ ਸਿੱਖ ਸੰਗਤ ਨੇ ਸ਼ਿਰਕਤ ਕੀਤੀ।

ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮਹਾਂਵਾਕ ਕਥਾ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਅਤੇ ਦਮਦਮੀ ਟਕਸਾਲ ਦੀ ਸਥਾਪਨਾ ਸੰਬੰਧੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਜਾਣੂ ਕਰਵਾਇਆ ਅਤੇ ਸੰਗਤਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 1706 ਈ. ਵਿੱਚ ਜਦੋਂ ਕਲਗ.ੀਧਰ ਦਸਮੇਸ਼ ਪਿਤਾ ਨੇ ਭਾਈ ਮਨੀ ਸਿੰਘ ਨੂੰ ਲਿਖਾਰੀ ਨਿਯੁਕਤ ਕੀਤਾ ਅਤੇ ਦਮਦਮਾ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕੀਤਾ, ਉਸੇ ਸਮੇਂ ਦਮਦਮੀ ਟਕਸਾਲ ਦੀ ਸਥਾਪਨਾ ਕਰਦੇ ਹੋਏ, ਦਸਮੇਸ਼ ਪਿਤਾ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਪਹਿਲੇ ਮੁਖੀ ਵਜੋਂ ਨਿਯੁਕਤ ਕੀਤਾ ਅਤੇ ਗੁਰਬਾਣੀ ਦੇ ਅਰਥ ਸਿਖਾਉਣ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਸੇਵਾ ਸੌਂਪੀ।

ਉਨ੍ਹਾਂ ਕਿਹਾ ਕਿ ਟਕਸਾਲ ਦੇ ਸਿੰਘਾਂ ਨੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਿਆ। ਇਸ ਸੰਸਥਾ ਅਤੇ ਇਸਦੇ ਆਗੂਆਂ 'ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਸਭ ਤੋਂ ਘਾਤਕ ਅਤੇ ਵੱਡੇ ਹਮਲੇ ਕੀਤੇ ਗਏ ਸਨ, ਪਰ ਦਸਮੇਸ਼ ਪਿਤਾ ਜੀ ਨੇ ਦਮਦਮੀ ਟਕਸਾਲ ਨੂੰ ਜੋ ਕਲਮ ਅਤੇ ਸ੍ਰੀ ਸਾਹਿਬ ਸੌਂਪੀ ਸੀ, ਉਹ ਅੱਜ ਵੀ ਸੰਸਥਾ ਵੱਲੋਂ ਵਰਤੇ ਜਾ ਰਹੇ ਹਨ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਅੱਗੇ ਕਿਹਾ ਕਿ ਆਪਣੀ ਸਥਾਪਨਾ ਤੋਂ ਲੈ ਕੇ ਹੀ ਟਕਸਾਲ ਸਿੱਖ ਧਰਮ ਦੇ ਪ੍ਰਚਾਰ ਲਈ ਅਣਥੱਕ ਯਤਨ ਕਰ ਰਹੀ ਹੈ ਅਤੇ ਸਿੱਖ ਧਰਮ 'ਤੇ ਹਮਲਿਆਂ ਨੂੰ ਰੋਕਣ ਲਈ ਵੀ ਹਮੇਸ਼ਾ ਯਤਨ ਕਰਦੀ ਰਹੀ ਹੈ। ਪੰਥ ਅਤੇ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਲਈ ਦਮਦਮੀ ਟਕਸਾਲ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ ਕਿ ਟਕਸਾਲ ਨੇ ਜਿੱਥੇ ਕੌਮ ਨੂੰ ਵਿਦਵਾਨ ਦਿੱਤੇ ਹਨ, ਉੱਥੇ ਹੀ ਇਸ ਨੇ ਕਈ ਸ਼ਹੀਦੀਆਂ ਵੀ ਦਿੱਤੀਆਂ ਹਨ। ਇਹ ਕੌਮੀ ਹਿੱਤਾਂ ਦੀ ਰਾਖੀ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ ਤੋਂ ਕਦੇ ਪਿੱਛੇ ਨਹੀਂ ਹਟੀ ਅਤੇ ਨਾ ਹੀ ਪਿੱਛੇ ਹਟੇਗੀ। ਉਨ੍ਹਾਂ ਸੰਗਤ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਨ ਲਈ ਪ੍ਰੇਰਿਤ ਕੀਤਾ। ਗੁਰਮੁਖਾਂ ਦੇ ਆਚਰਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਤਿਗੁਰੂ ਦੀ ਸ਼ਰਨ ਲੈਣ ਵਾਲੇ ਗੁਰਮੁਖਾਂ ਨੂੰ ਅਕਸਰ ਸੰਸਾਰਿਕ ਲਾਲਚ ਦਿੱਤਾ ਜਾਂਦਾ ਸੀ, ਪਰ ਗੁਰਮੁਖਾਂ ਨੇ, ਲਾਲਚ ਆਦਿ ਨੂੰ ਆਪਣੀ ਜੁੱਤੀ ਦੀ ਨੋਕ 'ਤੇ ਰੱਖ ਕੇ, ਹਰ ਚੀਜ਼ ਨੂੰ ਰੱਦ ਕਰ ਦਿੱਤਾ ਅਤੇ ਹਮੇਸ਼ਾ ਨਾਮ ਨਾਲ ਜੁੜੇ ਰਹੇ। ਸਤਿਗੁਰੂ ਦੀ ਸੇਵਾ ਨਾਲ, ਉਹ ਲੋਕ ਪਰਲੋਕ ਵਿੱਚ ਸੁਹੇਲੇ ਹੁੰਦੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ ਨੇ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਪੰਥ ਪ੍ਰਤੀ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਇਸ ਸੰਸਥਾ ਦਾ ਦੇਸ਼-ਵਿਦੇਸ਼ ਵਿੱਚ ਪੂਰਾ ਪ੍ਰਭਾਵ ਹੈ ਅਤੇ ਸਿੱਖ ਸਿਧਾਂਤਾਂ ਦੀ ਲਗਾਤਾਰ ਰਾਖੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਪਰਦਾਵਾਂ ਪੰਥ ਦੀ ਮਹਾਨ ਵਿਰਾਸਤ ਹਨ ਉਨ੍ਹਾਂ ਟਕਸਾਲ ਦੀਆਂ ਮੌਜੂਦਾ ਗਤੀਵਿਧੀਆਂ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਦਮਦਮੀ ਟਕਸਾਲ ਇੱਕ ਮਹਾਨ ਸੰਸਥਾ ਹੈ ਜਿਸ ਦੀ ਸਥਾਪਨਾ ਗੁਰੂ ਦਸਮੇਸ਼ ਪਿਤਾ ਜੀ ਨੇ ਖ਼ੁਦ ਕੀਤੀ ਸੀ। ਦਮਦਮੀ ਟਕਸਾਲ ਨੂੰ ਮਹਾਨ ਸ਼ਹਾਦਤਾਂ ਦੀ ਵਿਰਾਸਤ ਵਿਰਸੇ ਵਿੱਚ ਮਿਲੀ ਹੈ। ਜਿਸ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਾਣ-ਮਰਿਆਦਾ ਅਤੇ ਸਿੱਖ ਧਰਮ ਦੇ ਸਿਧਾਂਤਾਂ ਦੀ ਰੱਖਿਆ ਲਈ ਗੁਰੂ ਰਾਮਦਾਸ ਜੀ ਦੀ ਪਵਿੱਤਰ ਧਰਤੀ 'ਤੇ ਆਪਣੇ ਸੀਸ ਕੁਰਬਾਨ ਕਰਨ ਦੇ ਅਵਸਰ ਨੂੰ ਕਦੀ ਨਹੀਂ ਗਵਾਇਆ। ਅੱਜ ਵੀ ਸ੍ਰੀ ਦਰਬਾਰ ਸਾਹਿਬ ਦੀ ਮਾਣ-ਮਰਿਆਦਾ ਲਈ ਆਪਣੇ ਸੀਸ ਕੁਰਬਾਨ ਕਰਨ ਦੀ ਪ੍ਰਥਾ ਨਿਰੰਤਰ ਜਾਰੀ ਹੈ। ਟਕਸਾਲ ਨੇ ਗੁਰੂ ਸਾਹਿਬ ਦੁਆਰਾ ਬਖਸ਼ਿਸ਼ ਕੀਤੀ ਗਈ ਗੁਰਬਾਣੀ ਦੀ ਸ਼ੁੱਧ ਸੰਥਿਆ ਸੰਗਤ ਨੂੰ ਦਿੱਤੀ ਹੈ। ਟਕਸਾਲ ਦਸਮੇਸ਼ ਪਿਤਾ ਜੀ ਦੀ ਅਗਵਾਈ ਹੇਠ ਗੁਰਮਤਿ ਦੇ ਮਾਰਗ 'ਤੇ ਨਿਰੰਤਰ ਮੰਜ਼ਿਲ ਵੱਲ ਯਾਤਰਾ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਧਾਮੀ ਨੇ ਸਿੱਖ ਪੰਥ ਵਿੱਚ ਫੁੱਟ 'ਤੇ ਵੀ ਅਫ਼ਸੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਸਮਾਂ ਕਠਨਾਈਆਂ ਵਾਲਾ ਹੈ, ਅਸੀਂ ਸ਼ਹੀਦੀ ਸ਼ਤਾਬਦੀ ਮਨਾ ਰਹੇ ਹਾਂ ਪਰ ਪੰਥ ਵਿੱਚ ਏਕਤਾ ਨਹੀਂ ਹੈ। ਉਨ੍ਹਾਂ ਗੁਰੂ ਜੀ ਨੂੰ ਪੰਥ 'ਚ ਇੱਕ ਏਕਤਾ ਅਤੇ ਇਕਸੁਰਤਾ ਲਿਆਉਣ ਦਾ ਮੌਕਾ ਪ੍ਰਦਾਨ ਕਰਨ ਲਈ ਅਰਦਾਸ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਪੰਥ ਪ੍ਰਤੀ ਅਣਥੱਕ ਸੇਵਾ ਲਈ ਸ਼ਲਾਘਾ ਕੀਤੀ। ਦਮਦਮੀ ਟਕਸਾਲ ਦੀ ਵਿਲੱਖਣਤਾ, ਕੌਮ ਪ੍ਰਤੀ ਇਸਦੀ ਵਿਲੱਖਣ ਸੇਵਾ ਅਤੇ ਇਸ ਦੇ ਪਰਉਪਕਾਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਗੁਰਬਾਣੀ ਦੇ ਸ਼ੁੱਧ ਉਚਾਰਨ, ਅਰਥ ਅਤੇ ਪਰੰਪਰਾ ਦੀ ਸੰਭਾਲ, ਸਿੱਖਿਆ ਅਤੇ ਕੌਮ ਲਈ ਸ਼ਹਾਦਤ ਦੇ ਖੇਤਰ ਵਿੱਚ ਮੋਹਰੀ ਰਹੀ ਹੈ। ਇੱਕ ਮਹਾਨ ਆਗੂ ਵਜੋਂ ਗੁਰੂ ਪੰਥ ਨੂੰ ਸਮਰਪਿਤ, ਦਮਦਮੀ ਟਕਸਾਲ ਵੱਲੋਂ ਦਿੱਤੀਆਂ ਗਈਆਂ ਸ਼ਹਾਦਤਾਂ ਨੇ ਵਰਤਮਾਨ ਸਮੇਂ ਵਿੱਚ ਵਿਸ਼ਵ ਪੱਧਰ 'ਤੇ ਖ਼ਾਲਸਾ ਪੰਥ ਦੀ ਵਿਲੱਖਣ ਪਛਾਣ ਨੂੰ ਮਜ਼ਬੂਤ ਕੀਤਾ ਹੈ।

ਸੰਤ ਬਾਬਾ ਬੂਟਾ ਸਿੰਘ ਗੁਰਥਲੀ ਦੇ ਮੈਂਬਰ ਵਜੋਂ ਸ਼੍ਰੋਮਣੀ ਕਮੇਟੀ ਨੇ ਖ਼ਾਲਸਾ ਪੰਥ ਦੀ ਮਜ਼ਬੂਤੀ ਲਈ ਇੱਕ ਝੰਡੇ ਹੇਠ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਦਾ ਸਿੱਖ ਪੰਥ ਵਿੱਚ ਆਪਣਾ ਸਥਾਨ ਹੈ। ਦਮਦਮੀ ਟਕਸਾਲ ਪੰਥ ਦੀ ਇੱਕ ਵੱਡੀ ਸੰਸਥਾ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਤਾਕਤਾਂ ਅਤੇ ਕੁਝ ਲੋਕ ਖ਼ਾਲਸਾ ਪੰਥ ਦੀਆਂ ਪੰਥਕ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਸਾਡੀਆਂ ਸੰਸਥਾਵਾਂ ਗੁਰੂ ਪੰਥ ਦੀ ਤਾਕਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਦੇ ਵਜੂਦ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਦਾ ਢੁਕਵਾਂ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਇਸ ਮੌਕੇ ਹਾਜ਼ਰ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਬਾਬਾ ਮੇਜਰ ਸਿੰਘ ਢਿੱਲੋਂ, ਸੰਤ ਗੁਰਮੀਤ ਸਿੰਘ ਤਰਲੋਕੇ ਵਾਲੇ, ਮੈਂਬਰ ਐਸ.ਜੀ.ਪੀ.ਸੀ., ਸੰਤ ਬਲਵਿੰਦਰ ਸਿੰਘ ਤਰਨਾ ਦਲ, ਸੰਤ ਬਾਬਾ ਪ੍ਰੀਤਮ ਸਿੰਘ ਮਠਿਆਈ ਵਾਲੇ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰੇ ਭਾਈ ਗੁਰਵਿੰਦਰ ਸਿੰਘ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰੇ ਦਮਦਮੀ ਟਕਸਾਲ, ਜਥੇਦਾਰ ਨਿਰਮਲ ਸਿੰਘ ਰਾਮਪੁਰਾ ਫੂਲ, ਬਾਬਾ ਪਰਦੀਪ ਸਿੰਘ ਚਾਂਦਪੁਰਾ, ਜਥੇਦਾਰ ਜਗਤਾਰ ਸਿੰਘ ਸੇਖੂ, ਬਾਬਾ ਗੁਰਜੰਟ ਸਿੰਘ ਰੋੜੀ, ਸ਼ਹੀਦ ਭਾਈ ਮਨੀ ਸਿੰਘ ਜੀ ਸੇਵਾ ਸੁਸਾਇਟੀ ਤਲਵੰਡੀ ਸਾਬੋ, ਬਾਬਾ ਮੇਜਰ ਸਿੰਘ, ਬਾਬਾ ਕੁੰਦਨ ਸਿੰਘ, ਬਾਬਾ ਸੁਖਦੇਵ ਸਿੰਘ ਸਿਧਾਣਾ ਸਾਹਿਬ, ਬਾਬਾ ਸੁਖਵਿੰਦਰ ਸਿੰਘ ਮਸਤੂਆਣਾ, ਬਾਬਾ ਸਤਪਾਲ ਸਿੰਘ ਪ੍ਰੀਤਮ ਸਿੰਘ, ਬਾਬਾ ਗੁਰਦੇਵ ਸਿੰਘ ਭੂਮੀ ਵਾਲੇ, ਬਾਬਾ ਗੁਰਦੇਵ ਸਿੰਘ ਪ੍ਰੀਤਮ ਸਿੰਘ, ਜਥੇਦਾਰ ਨਿਰਮਲ ਸਿੰਘ ਰਾਮਪੁਰਾ ਸੰਤ ਬਾਬਾ ਗੁਰਮੀਤ ਸਿੰਘ ਤਰਸਿੱਕਾ, ਭਾਈ ਅਮਰੀਕ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਮੇਜਰ ਸਿੰਘ ਢਿੱਲੋਂ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਮਹਿੰਦਰ ਸਿੰਘ ਜੀ. ਮਸਤੂਆਣਾ ਸਾਹਿਬ, ਜਥੇਦਾਰ ਬਾਬਾ ਬਲਨ ਸਿੰਘ ਤਰਨਾ ਦਲ, ਗਿਆਨੀ ਮਨਦੀਪ ਸਿੰਘ ਜੀ ਮੁਰੀਦ ਵਾਲੇ, ਬਾਬਾ ਗੁਰਪਾਲ ਸਿੰਘ, ਸਰਦਾਰ ਜਗਮੀਰ ਸਿੰਘ ਮਾਂਗੇਆਣਾ ਮੈਂਬਰ ਐਸ.ਜੀ.ਪੀ.ਸੀ., ਗਿਆਨੀ ਅਮਰਜੀਤ ਸਿੰਘ ਮਰਿਯਾਦਾ, ਬਾਬਾ ਜੱਜ ਸਿੰਘ, ਗਿਆਨੀ ਮੁਖ ਜਿੰਦਰ ਸਿੰਘ ਹਰਦਿਆਲੇਵਾਲਾ, ਜਥੇਦਾਰ ਗੁਰਮੀਤ ਸਿੰਘ, ਗਿਆਨੀ ਨਾਇਬ ਸਿੰਘ ਰੋੜੀ, ਭਾਈ ਅਜੈਬ ਸਿੰਘ ਜੀ ਅਭਿਸ਼ੇਕ ਸਿੰਘ ਅਭਿਸ਼ੇਕ ਸਿੰਘ ਰੋੜੀ ਵਾਲੇ, ਭਾਈ ਅਜੈਬ ਸਿੰਘ ਜੀ ਅਭਿਸ਼ੇਕ ਸਿੰਘ ਰੋੜੀ ਵਾਲੇ। ਚੌਂਕ, ਸੰਤ ਬਾਬਾ ਮਲਕੀਤ ਸਿੰਘ ਜੀ ਚੱਬੋਵਾਲ ਵਾਲੇ, ਸਾਬਕਾ ਹੈੱਡ ਗ੍ਰੰਥੀ ਗਿਆਨੀ ਨਾਇਬ ਸਿੰਘ, ਬਾਬਾ ਇੰਦਰਬੀਰ ਸਿੰਘ ਜੀ ਸਤਲਾਣੀ ਸਾਹਿਬ ਵਾਲੇ, ਬਾਬਾ ਰਜਿੰਦਰਪਾਲ ਸਿੰਘ ਜੀ ਮਾਲੋਵਾਲ ਵਾਲੇ, ਬਾਬਾ ਸਤਨਾਮ ਸਿੰਘ ਜੀ ਨੰਬਰਦਾਰ ਝਾੜ ਸਾਹਿਬ ਵਾਲੇ, ਬਾਬਾ ਗੁਰਵਿੰਦਰ ਸਿੰਘ ਝੂਲਨੇ ਮਹਿਲ ਵਾਲੇ, ਬਾਬਾ ਭੋਲਾ ਸਿੰਘ ਭੈਣੀ, ਭਾਈ ਅਵਤਾਰ ਸਿੰਘ ਜੀ ਬਾਬਾ ਦਾਦੂਵਾਲ ਵਾਲੇ, ਬਾਬਾ ਭੋਲਾ ਸਿੰਘ ਭੈਣੀ ਵਾਲੇ, ਭਾਈ ਅਵਤਾਰ ਸਿੰਘ ਜੀ ਹਜ਼ੂਰ ਸਿੰਘ ਦਾਦੂਵਾਲ ਵਾਲੇ, ਬਾਬਾ ਹਰਦੀਪ ਸਿੰਘ ਦਾਦੂਵਾਲ ਵਾਲੇ। ਸ਼ਹੀਦ ਭਾਈ ਤਰਲੋਕ ਸਿੰਘ ਜੀ ਬਾਸਰਕੇ ਭਤੀਜੇ ਭਾਈ ਦਿਲਬਾਗ ਸਿੰਘ ਬਾਸਰਕੇ, ਭਾਈ ਨਿਰਮਲ ਸਿੰਘ, ਭਾਈ ਚਮਕੌਰ ਸਿੰਘ ਪਹੂਵਿੰਡ, ਭਾਈ ਜਰਨੈਲ ਸਿੰਘ, ਭਾਈ ਹਰਚੰਦ ਸਿੰਘ, ਮਹੰਤ ਤਰਲੋਚਨ ਸਿੰਘ ਹੁਸ਼ਿਆਰਪੁਰ, ਗਿਆਨੀ ਗੁਰਪ੍ਰੀਤ ਸਿੰਘ ਵੈਦ, ਜਥੇਦਾਰ ਮੰਗਲ ਸਿੰਘ ਠੇਠਰ ਕਲਾਂ, ਜਥੇਦਾਰ ਰਛਪਾਲ ਸਿੰਘ ਝੋਰਮੋਰ, ਪ੍ਰੋ: ਗੁਰਜੀਤ ਸਿੰਘ ਗੁਰੂ ਕਾਂਸ਼ੀ ਯੂਨੀਵਰਸਿਟੀ, ਸਰਦਾਰ ਆਤਮਾ ਸਿੰਘ ਪ੍ਰਧਾਨ ਟਰੱਕ ਯੂਨੀਅਨ ਬਠਿੰਡਾ, ਬਾਬਾ ਹੀਰਾ ਸਿੰਘ, ਭਾਈ ਗੁਰਮੀਤ ਸਿੰਘ ਮਹੰਤ ਸਿੰਘ ਮੁਹੱਲਾ, ਭਾਈ ਬਾਬਾ ਸੰਦੌੜ, ਬਾਬਾ ਜੀ. ਲਾਲ ਸਿੰਘ ਜੀ ਧੂਰਕੋਟ ਵਾਲੇ, ਸੰਤ ਬਾਬਾ ਹਰਨਾਮ ਸਿੰਘ ਜੀ ਮਲਕਪੁਰ ਵਾਲੇ, ਬਾਬਾ ਬੂਟਾ ਸਿੰਘ ਜੀ ਮਾਖਾ, ਸਰਦਾਰ ਸੋਹਣ ਸਿੰਘ ਜੀ ਭੰਗੀ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਸੁਖਚੈਨ ਸਿੰਘ ਜੀ ਰਾਜਪੁਰੇ ਵਾਲੇ, ਬਾਬਾ ਸੁਖਦੇਵ ਸਿੰਘ ਜੀ ਸਿਧਾਣਾ ਵਾਲੇ, ਬਾਬਾ ਗੁਰਪਾਲ ਸਿੰਘ ਜੀ ਚੋਰਮਾਰ ਸਾਹਿਬ ਵਾਲੇ, ਗਿਆਨੀ ਹਰਪ੍ਰੀਤ ਸਿੰਘ ਜੀ ਜੋਗੀਵਾਲ, ਬਾਬਾ ਕਰਮ ਸਿੰਘ ਜੀ ਪੰਜੋਖਰਾ ਵਾਲੇ, ਬਾਬਾ ਹਰਭਜਨ ਸਿੰਘ ਪੰਜੋਖਰਾ ਵਾਲੇ, ਬਾਬਾ ਹਰਭਜਨ ਸਿੰਘ ਪੰਜੋਖਰਾ ਸਾਹਿਬ ਵਾਲੇ ਆਦਿ ਵੀ ਹਾਜਰ ਸਨ। ••

# ਅੰਤਿਮ ਅਰਦਾਸ ਸਮੇ ਸ਼ਰਧਾਂਜਲੀ ਤੇ ਜੀਵਨ ਦੀ ਝਲਕੀ

**ਗੁਰਮੁਖਿ ਜਨਮੁ ਸਵਾਰਿ ਦਰਗਾਹ ਚਲਿਆ ॥**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥**

ਰੰਗਲੇ ਸਜਨ ਦੀ

ਅੰਤਿਮ ਅਰਦਾਸ ਸਮੇ ਸ਼ਰਧਾਂਜਲੀ ਤੇ ਜੀਵਨ ਦੀ ਝਲਕੀ




ਦਮਦਮੀ ਟਕਸਾਲ ਦੇ ਵਿਦਿਆਰਥੀ ਗਿਆਨੀ ਭਾਈ ਮੋਹਨ ਸਿੰਘ ਜੀ ਉਰਲਾਣਾ ਜਿਨ੍ਹਾਂ ਦਾ ਜਨਮ ਸਤਿਕਾਰ ਯੋਗ ਬਾਬਾ ਇੰਦਰ ਸਿੰਘ ਜੀ ਸ਼ਹੀਦ ਜੂਨ 1984 ਦੇ ਘਰ,ਪੂਜਨੀਕ ਮਾਤਾ ਸੁਰਜੀਤ ਕੌਰ ਦੀ ਕੁੱਖੋਂ 15-1-1948 ਨੂੰ ਪਿੰਡ ਤੋਲੇਵਾਲ ਜਿਲ੍ਹਾ ਸੰਗਰੂਰ ਵਿਖੇ ਹੋਇਆ ਆਪ ਜੀ ਨੇ ਸੰਸਾਰੀ ਸਕੂਲ ਦੀ ਪੜ੍ਹਾਈ (ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੇ) ਪਿੰਡ ਚੀਮਾ ਸਾਹਿਬ ਦੇ ਸਰਕਾਰੀ ਸਕੂਲ ਵਿੱਚੋ 10 ਵੀ ਕਲਾਸ ਤੱਕ ਕੀਤੀ ।ਆਪ ਜੀ ਬ੍ਰਹਮ ਵਿੱਦਿਆ ਪ੍ਰਾਪਤ ਕਰਨ ਲਈ ਸਿੱਖ ਕੌਮ ਦੀ ਸਿਰਮੌਰ ਜਥੇਬੰਦੀ ਚਲਦੀ ਫਿਰਦੀ ਯੂਨੀਵਰਸਿਟੀ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਪਾਸ ਸੰਨ 1972 ਵਿੱਚ ਜਥੇ ਸੰਗਤ ਵਿੱਚ ਆ ਗਏ ਅਤੇ ਆਪ ਜੀ ਨੇ ਟਕਸਾਲ ਦੇ ਸਾਰੇ ਨਿੱਤ ਕਰਮ ਦੇ ਨਿਯਮਾਂ ਅਨੁਸਾਰ ਲੰਮਾ ਸਮਾਂ ਰਹਿੰਦਿਆਂ ਬ੍ਰਹਮ ਵਿਦਿਆ ਦੀ ਪ੍ਰਾਪਤ ਕੀਤੀ ।ਜੱਥੇ ਸੰਗਤ ਵਿੱਚ ਮਹਾਂਪੁਰਖਾਂ ਵੱਲੋਂ ਜਿੱਥੇ ਵੀ ਸੇਵਾ ਕਰਨ ਦੀ ਡਿਊਟੀ ਲਗਾਈ ਜਾਂਦੀ ਉਸ ਲੱਗੀ ਹੋਈ ਸੇਵਾ ਤੇ ਪੂਰਾ ਪਹਿਰਾ ਦਿੰਦਿਆਂ ਹੋਇਆਂ ਉਸ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਇਆ ਕਰਦੇ ।ਵਿਸ਼ੇਸ਼ ਤੌਰ ਤੇ ਆਪ ਜੀ ਦੀ ਜੱਥੇ ਸੰਗਤ ਵਿੱਚ ਸੇਵਾ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਬਤੌਰ ਲਿਖਾਰੀ ਵਜੋਂ ਲਗਾਈ ਗਈ ਸੀ, ਜਿਵੇ ਕਿ ਜੱਥੇ ਸੰਗਤ ਵਿੱਚ ਵਿਦਿਆਰਥੀਆਂ ਲਈ ਅਤੇ ਸਿੱਖ ਸੰਗਤਾਂ ਲਈ ਪੋਥੀਆਂ,ਗੁਟਕੇ ਅਤੇ ਹੋਰ ਧਾਰਮਿਕ ਲਿਟਰੇਚਰ ਛਾਪਿਆਂ ਜਾਂਦਾ ਸੀ ਉਸ ਵਿੱਚ ਆਪ ਜੀ ਨੇ ਛਪਾਈ ਦੇ ਸਮੇਂ ਪਰੂਫ ਦੇਖਣਾ ਉਸ ਵਿੱਚ ਸੁਧਾਈ ਕਰਨ ਦੀ ਇਹ ਬਹੁਤ ਵੱਡੀ ਸੇਵਾ ਨਿਭਾਈ ਹੈ ਅਤੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।ਇੱਕ ਦਿਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਖੁਸ਼ੀ ਨਾਲ ਬਖ਼ਸ਼ਸ਼ ਕਰਦਿਆਂ ਆਪਣਾ ਗਰਮ ਚੋਲਾ ਆਪ ਜੀ ਨੂੰ ਦਿੱਤਾ ਅਤੇ ਮਹਾਂਪੁਰਸ਼ਾਂ ਦੀ ਬਖਸ਼ਿਸ਼ ਜਾਣ ਕੇ ਆਪ ਜੀ ਨੇ ਉਸ ਚੋਲੇ ਨੂੰ ਆਪਣੇ ਘਰ ਸਾਂਭਿਆ ਹੋਇਆ ਹੈ ।

ਅੰਮ੍ਰਿਤਸਰ ਸ਼ਹਿਰ ਵਿੱਚ ਜਿੰਨੇ ਵੀ ਧਾਰਮਿਕ ਲਿਟਰੇਚਰ ਪ੍ਰਕਾਸ਼ਕ ਹਨ ਜਿਵੇ ਕਿ ਭਾਈ ਜੀਵਨ ਸਿੰਘ ਚੱਤਰ ਸਿੰਘ ਅਤੇ ਸਿੰਘ ਬਰਾਦਰਜ਼ ਆਦਿਕ ਇਨ੍ਹਾਂ ਵੱਲੋਂ ਜੋ ਵੀ ਧਾਰਮਿਕ ਲਿਟਰੇਚਰ ਛਾਪਿਆ ਜਾਂਦਾ ਉਸ ਦੀ ਸੁਧਾਈ ਕਰਨ ਵਾਰੇ ਲੱਗੀ ਡਿਊਟੀ ਨੂੰ ਆਪਣੀ ਪੂਰੀ ਤਨਦੇਹੀ ਨਾਲ ਨਿਭਾਇਆ ਕਰਦੇ,

ਕਈ ਧਾਰਮਕਿ ਪੁਸਤਕਾਂ ਜਿਵੇਂ ਕਿ ਕਿਤਾਬਚੇ,ਮਾਸਿਕ ਪੱਤਰਾਂ ਵਿਚਲੇ ਲੇਖ,ਬਾਰਹ ਮਾਹਾ ਮਾਂਝ ਸਟੀਕ ਗੁਰਬਾਣੀ ਦੀ ਵਿਆਖਿਆ ਆਦਿਕ ਗ੍ਰੰਥ ਵੀ ਆਪ ਜੀ ਨੇ ਲਿਖੇ ।ਆਪ ਜੀ ਨੇ ਲੰਮਾਂ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਗ੍ਰੰਥੀ ਸਿੰਘ ਦੀ ਸੇਵਾ ਵੀ ਨਿਭਾਈ ।ਦਮਦਮੀ ਟਕਸਾਲ ਦੇ 14 ਵੇਂ ਮੁਖੀ ਵੀਹਵੀਂ ਸਦੀ ਦੇ ਮਹਾਨ ਸਿੱਖ ਜੋਧੇ ਜਰਨੈਲਾਂ ਦੇ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪ ਜੀ ਦਾ ਵਿਆਹ ਬੀਬੀ ਪਰਮਜੀਤ ਕੌਰ ਨਾਲ 28 ਜਨਵਰੀ 1983 ਨੂੰ ਅੰਮ੍ਰਿਤਸਰ ਵਿਖੇ ਚੱਲ ਰਹੇ ਧਰਮ ਯੁੱਧ ਮੋਰਚੇ ਦੌਰਾਨ ਕੀਤਾ ।

ਆਪ ਜੀ ਦੇ ਘਰ ਦੋ ਭੁਝੰਗੀ ਕੁਲਵੰਤ ਸਿੰਘ ਤੇ ਬੇਅੰਤ ਸਿੰਘ ਪੈਦਾ ਹੋਏ ਅਤੇ ਆਪ ਜੀ ਨੇ ਆਪਣੇ ਬੇਟੇ ਕੁਲਵੰਤ ਸਿੰਘ ਦਾ ਵਿਆਹ ਬੀਬੀ ਸੁਖਵਿੰਦਰ ਕੌਰ ਨਾਲ ਅਦਾ ਕੀਤਾ,ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਦੋ ਪੋਤਰਿਆਂ ਦੀ ਦਾਤ ਵੀ ਬਖ਼ਸ਼ੀ ।

ਆਪ ਜੀ ਨੇ ਆਪਣੀ ਆਯੂ ਦੇ ਆਖੀਰਲੇ ਦਿਨਾਂ ਵਿੱਚ ਆਪਣੇ ਵਿੱਦਿਆ ਦਾਤਾ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜੀਵਨ ਚਰਿੱਤਰ (ਭੂਰੇ ਸਿੰਘ ਕਰਤਾਰ ਜੀ) ਦਾ ਖਰੜਾ ਤਿਆਰ ਕਰਨ ਲਈ ਦਿਨ ਰਾਤ ਪੂਰੀ ਤਨਦੇਹੀ ਨਾਲ ਮਿਹਨਤ ਕੀਤੀ ਦੇਸ਼ਾ ਵਿਦੇਸ਼ਾਂ ਵਿੱਚ ਰਹਿ ਰਹੇ ਦਮਦਮੀ ਟਕਸਾਲ ਦੇ ਪੁਰਾਣੇ ਵਿਦਿਆਰਥੀਆਂ ਨਾਲ ਅਤੇ ਮਹਾਂਪੁਰਖਾਂ ਦੀਆਂ ਪ੍ਰੇਮੀ ਸ਼ਖ਼ਸੀਅਤਾਂ ਨਾਲ ਰਾਵਤਾ ਕਾਇਮ ਕਰਕੇ ਮਹਾਂਪੁਰਸ਼ਾਂ ਵਾਰੇ ਜਿੰਨੀ ਵੀ ਕਿਸੇ ਨੂੰ ਜਾਣਕਾਰੀ ਸੀ ਉਸ ਨੂੰ ਪ੍ਰਾਪਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ।ਇਨ੍ਹਾਂ ਆਖਰੀ ਦਿਨਾਂ ਵਿੱਚ ਹੀ ਦਾਸ ਨਾਲ ਸੰਤਾਂ ਦੇ ਛਪ ਰਹੇ ਜੀਵਨ ਵਾਰੇ ਤਕਰੀਬਨ ਰੋਜ਼ਾਨਾ ਹੀ ਕਈ ਕਈ ਘੰਟੇ ਵਿਚਾਰਾਂ ਦੀ ਚਰਚਾ ਆਪਸੀ ਕਰਦੇ ਰਹਿੰਦੇ ਕਦੇ ਕਦੇ ਉਹ ਕਾਫ਼ੀ ਚਿੰਤਾ ਜ਼ਾਹਰ ਕਰਦੇ ਕਿ ਹੁਣ ਮਹਾਂਪੁਰਖਾਂ ਦੇ ਜੀਵਨ ਦੀ ਛਪਾਈ ਕਰਵਾਉਣੀ ਹੈ ਕਿਉਂਕਿ ਸਰੀਰ ਢਿੱਲਾ ਰਹਿੰਦਾ ਹੈ ਮੇਰੇ ਜੀਵਨ ਦਾ ਪਤਾ ਨਹੀਂ ਕਦੋਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਸੱਦਾ ਆ ਜਾਵੇ ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਮੇਰੇ ਜਿਉਦੇ ਜੀ ਇਹ ਸੰਤਾਂ ਦਾ ਜੀਵਨ ਛਪ ਕਿ ਤਿਆਰ ਹੋ ਜਾਵੇ,ਨਾਲੇ ਕਹਿਣਾ ਕਿ ਮੈਂ ਕਈ ਵਾਰ ਸਿੰਘਾਂ ਨੂੰ ਸੰਤਾਂ ਦੇ ਜੀਵਨ ਨੂੰ ਛਪਵਾਉਣ ਵਾਰੇ ਕਿਹਾ ਹੈ,ਦਾਸ ਨੇ ਉਨ੍ਹਾਂ ਦੇ ਮਨ ਦੀ ਭਾਵਨਾ ਨੂੰ ਸਮਝਦਿਆਂ ਹੋਇਆਂ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਦਾਸ ਮੁਖੀ ਅਤੇ ਦਰਸ਼ਨ ਸਿੰਘ ਮਾਨ ਪਨਿਆਲੀ ਵਾਲੇ ਇਸ ਨੂੰ ਛਪਵਾਉਣ ਦੀ ਜ਼ਿੰਮੇਵਾਰੀ ਲੈਂਦੇ ਹਨ ਤੁਸੀ ਕੋਈ ਵੀ ਫਿਕਰ ਨਾ ਕਰੋ ਮਹਾਂਪੁਰਖਾਂ ਦੇ ਜੀਵਨ ਨੂੰ ਛਪਵਾਕੇ ਸਿੱਖ ਸੰਗਤਾਂ ਵਿੱਚ ਵੰਡੋ ਅਤੇ ਦਾਸ ਦੀ ਕੀਤੀ ਇਸ ਬੇਨਤੀ ਨੂੰ ਉਨ੍ਹਾਂ ਪ੍ਰਵਾਨ ਕਰ ਲਿਆ ।ਥੋੜੇ ਜਿਹੇ ਦਿਨਾਂ ਵਿੱਚ ਜੀਵਨ ਛਪਕੇ ਤਿਆਰ ਹੋ ਗਿਆ ਫੇਰ ਆਪ ਹੀ ਅਤਿਅੰਤ ਖੁਸ਼ੀ ਨਾਲ ਆਪਣੇ ਹੱਥੀਂ ਸਿੰਘਾਂ ਨੂੰ ਅਤੇ ਸੰਗਤਾਂ ਨੂੰ ਸੰਤਾਂ ਦਾ ਜੀਵਨ ਭੇਜ ਰਿਹੇ ਸਨ ਸਰੀਰਕ ਵਿਛੋੜਾ ਦੇਣ ਤੋਂ ਦੋ ਦਿਨ ਪਹਿਲਾਂ ਹੀ ਦਾਸ ਨਾਲ ਲੰਮਾਂ ਸਮਾਂ ਵਿਚਾਰ ਵਟਾਂਦਰਾ ਕੀਤਾ ਬਿਲਕੁਲ ਠੀਕ ਠਾਕ ਸਨ ਕੋਈ ਚਿੱਤ ਚੇਤਾ ਵੀ ਨਹੀਂ ਸੀ ਕਿ ਦੋ ਦਿਨਾਂ ਬਾਅਦ ਇਸ ਵਿਛੋੜੇ ਦਾ ਭਾਣਾ ਵਰਤ ਜਾਵੇਗਾ ਜਦੋ ਪਤਾ ਲੱਗਿਆ ਕਿ,ਸਾਡਾ ਹਰਮਨ ਪਿਆਰਾ ਵਿਦਵਾਨ ਸਾਥੀ ਵੱਡਾ ਗੁਰਭਾਈ ਗਿਆਨੀ ਮੋਹਨ ਸਿੰਘ ਜੀ ਉਰਲਾਣਾ ਇਸ ਫ਼ਾਨੀ ਸੰਸਾਰ ਤੋਂ ਸਾਨੂੰ ਸਾਰਿਆਂ ਨੂੰ ਸਦੀਵ ਕਾਲ ਲਈ ਸਰੀਰਕ ਤੌਰ ਤੇ ਵਿਛੋੜਾ 30 ਜੁਲਾਈ 2025 ਨੂੰ ਇਸ ਮਾਤ ਲੋਕ ਨੂੰ ਤਿਆਰ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ ਜਿਨ੍ਹਾਂ ਦੇ ਰੱਖੇ ਗਏ ਪਾਠ ਦੇ ਭੋਗ,ਕੀਰਤਨ ਅਤੇ ਅੰਤਿਮ ਅਰਦਾਸ 8 ਅਗਸਤ 2025 ਦਿਨ ਸ਼ੁੱਕਰਵਾਰ ਨੂੰ ਸਮਾਂ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਭਾਈ ਸੇਵਾ ਸਿੰਘ ਹਾਲ,ਗੋਲਡਨ ਕਲਾਥ ਮਾਰਕੀਟ,ਸੁਲਤਾਨਵਿੰਡ ਗੇਟ,ਅੰਮ੍ਰਿਤਸਰ ਵਿਖੇ ਹੋਵੇਗੀ ॥ਭਾਵੇਂ ਇਹ ਸਰੀਰ ਦਾ ਵਿਛੋੜਾ ਪ੍ਰਵਾਰ ਲਈ ਬਹੁਤ ਅਸਹਿ ਹੈ ਉਥੇ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਨੂੰ ਅਤੇ ਸਿੱਖ ਸੰਗਤਾਂ ਨੂੰ ਇਸ ਵਿਛੋੜੇ ਦਾ ਅਤਿਅੰਤ ਦੁੱਖ ਹੋਇਆ ਹੈ ਪ੍ਰਵਾਰ ਦੇ ਨਾਲ ਇਸ ਦੁੱਖ ਨੂੰ ਸਾਂਝਾ ਕਰਦਿਆਂ ਹੋਇਆਂ

ਅਮਰੀਕਾ-ਤੋ ਦਮਦਮੀ ਟਕਸਾਲ ਦੇ ਵਿਦਿਆਰਥੀ

ਬਾਬਾ ਧਰਮ ਸਿੰਘ ਜੀ,ਬਾਬਾ ਸੁਰਜੀਤ ਸਿੰਘ ਜੀ ਸੋਧੀ

ਰਾਗੀ ਭਾਈ ਰਣਜੀਤ ਸਿੰਘ ਜੀ ਸੰਗੋਚਲਾ,ਰਾਗੀ ਭਾਈ ਅਤਰ ਸਿੰਘ ਜੀ ਰਾਗੀ ਸੋਹਣ ਸਿੰਘ ਜੀ,ਭਾਈ ਬਖਸੀਸ ਸਿੰਘ ਜੀ ਪੰਡਤ,ਬਾਬਾ ਬਚਨ ਸਿੰਘ ਜੀ ,ਕਨੇਡਾ-ਤੋ ਰਾਗੀ ਭਾਈ ਸਰਵਣ ਸਿੰਘ ਜੀ ਮਹੰਤ,

ਇੰਗਲੈਂਡ -,ਰਾਗੀ ਭਾਈ ਗੁਰਮੇਲ ਸਿੰਘ ਜੀ,ਰਾਗੀ ਭਾਈ ਗੁਰਸ਼ਰਨ ਸਿੰਘ ਜੀ,ਰਾਗੀ ਭਾਈ ਅਮਰੀਕ ਸਿੰਘ ਜੀ,ਰਾਗੀ ਭਾਈ ਸੰਤੋਖ ਸਿੰਘ ਰੱਬ ਜੀ,ਭਾਈ ਮੋਹਣ ਸਿੰਘ ਜੀ,ਭਾਈ ਜੰਗੀਰ ਸਿੰਘ ਜੀ ਮਹੰਤ,ਭਾਈ ਸੋਹਣ ਸਿੰਘ ਜੀ,ਭਾਈ ਬਲਵੀਰ ਸਿੰਘ ਜੀ, ਭਾਈ ਮਲਕੀਤ ਸਿੰਘ ਜੀ,ਭਾਈ ਗੁਰਦੀਪ ਸਿੰਘ ਜੀ ਸੰਤ ,ਭਾਈ ਬਲਦੇਵ ਸਿੰਘ ਜੀ ਸਿੱਖ,

ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਸੱਚੇ ਪਾਤਸ਼ਾਹ ਜੀ ਸਤਿਕਾਰ ਯੋਗ ਗਿਆਨੀ ਭਾਈ ਮੋਹਨ ਸਿੰਘ ਜੀ ਦੀ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਕਮਲਾ ਵਿੱਚ ਨਿਵਾਸ ਦੇਣਾ ਪਿੱਛੇ ਪਰਿਵਾਰ ਨੂੰ ਸਕੇ ਸਬੰਧੀਆਂ,ਮਿੱਤਰਾਂ ਦੋਸਤਾਂ ਅਤੇ ਗੁਰਭਾਈਆਂ ਨੂੰ ਭਾਣਾ ਮੰਨਣ ਦਾ ਬਲ ਬਖਸਣਾ ਜੀ।

**ਗੁਰੂ ਪੰਥ ਦੇ ਦਾਸ**
**ਬਾਬਾ ਮੁਖਤਿਆਰ ਸਿੰਘ ਮੁਖੀ,ਟੋਡਰਵਾਲ**
**ਭਾਈ ਦਰਸ਼ਨ ਸਿੰਘ ਮਾਨ ਪਨਿਆਲੀ**
**ਵਿਦਿਆਰਥੀ ਦਮਦਮੀ ਟਕਸਾਲ, ਯੂ. ਐਸ. ਏ.**

## ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# "ਪੰਜ ਰੋਜ਼ਾ ਸਫ਼ਾਈ ਪ੍ਰੋਗਰਾਮ" ਜਾਰੀ





ਤਲਵੰਡੀ ਸਾਬੋ, 07 ਅਗਸਤ (ਗੁਰਜੰਟ ਸਿੰਘ ਨਥੇਹਾ)- ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ "ਸਵੱਛ ਭਾਰਤ ਮਿਸ਼ਨ" ਤਹਿਤ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਦੀ ਪ੍ਰੇਰਣਾ ਸਦਕਾ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਲਾਅ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੇ ਸਹਿਯੋਗ ਨਾਲ ਪੰਜ ਰੋਜ਼ਾ ਸਫ਼ਾਈ ਪ੍ਰੋਗਰਾਮ ਮਿਤੀ 04 ਅਗਸਤ 2025 ਤੋਂ ਸ਼ੁਰੂ ਕੀਤਾ ਗਿਆ। ਪ੍ਰੋਗਰਾਮ ਦੇ ਚੌਥੇ ਦਿਨ ਪਿੰਡੇ ਗੁਲਾਬ ਗੜ੍ਹ ਵਿਖੇ ਸਫਾਈ ਜਾਗਰੂਕਤਾ ਕੈਂਪ ਲਗਾ ਕੇ ਮਨਾਇਆ ਗਿਆ।ਪ੍ਰੋਗਰਾਮਾਂ ਦੀ ਸ਼ੁਰੂਆਤ ਮੁੱਖ ਮਹਿਮਾਨ ਮੈਡਮ ਬਲਜਿੰਦਰ ਕੌਰ ਮਾਨ ਚੀਫ਼ ਜੂਡੀਸ਼ਿਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸਹਾਇਤਾ ਸੇਵਾਵਾਂ ਬਠਿੰਡਾ ਵੱਲੋਂ ਮਿਤੀ 04 ਅਗਸਤ ਨੂੰ ਵਰਸਿਟੀ ਵਿਖੇ ਸਫਾਈ ਅਭਿਆਨ ਨਾਲ ਕੀਤੀ ਗਈ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਅਤੇ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਆਯੋਜਕਾਂ ਦੇ ਉੱਦਮ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਨਾਟਕ "ਜ਼ਿੰਮੇਵਾਰੀ ਕਿਸ ਕੀ" ਦੀ ਸਫਲ ਪੇਸ਼ਕਾਰੀ ਲਈ ਵਧਾਈ ਦਿੱਤੀ। ਸਫ਼ਾਈ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਡਾ. ਰਾਜੇਸ਼ ਬਿਸ਼ਨੋਈ ਸਹਾਇਕ ਡੀਨ ਨੇ ਦੱਸਿਆ ਕਿ ਜਾਰੀ ਪ੍ਰੋਗਰਾਮ ਤਹਿਤ ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪਿੰਡ ਜਗਾ ਰਾਮ ਤੀਰਥ, ਯੂਨੀਵਰਸਿਟੀ ਕੈਂਪਸ, ਪਿੰਡ ਜੀਵਨ ਸਿੰਘ ਵਾਲਾ ਅਤੇ ਵਰਸਿਟੀ ਦੇ ਆਲੇ ਦੁਆਲੇ ਸਫ਼ਾਈ ਅਭਿਆਨ ਚਲਾਇਆ ਜਾ ਰਿਹਾ ਹੈ ਤੇ ਲੋਕਾਂ ਨੂੰ ਇਸ ਨਾਲ ਜੁੜਨ ਤੇ ਇਸ ਤੇ ਅਮਲ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਵੱਲੋਂ ਪਿੰਡ ਵਾਸੀਆਂ ਨੂੰ ਜ਼ਿਲ੍ਹਾ ਕਾਨੂੰਨੀ ਸਹਾਇਤਾ ਸੇਵਾਵਾਂ ਅਥਾਰਟੀ ਬਠਿੰਡਾਂ ਵੱਲੋਂ ਲੋੜਵੰਦਾਂ ਨੂੰ ਮੁਫ਼ਤ ਦਿੱਤੀਆ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ।

# ਆਮ ਆਦਮੀ ਨੂੰ ਮਿਲਣ ਵਾਲੀਆਂ ਵਧੇਰੇ ਸੇਵਾਵਾਂ ਸੇਵਾ ਕੇਂਦਰਾਂ ਵਿੱਚ ਉਪਲੱਬਧ ਹਨ ਪਰ ਸਿਸਟਮ ਦੀ ਅਣਗਹਿਲੀ ਕਾਰਨ ਆਮ ਲੋਕਾਂ ਕਰਨਾ ਪੈਂਦਾ ਮੁਸਕਲਾਂ ਦਾ ਸਾਹਮਣਾ

ਜੰਡਿਆਲਾ ਗੁਰੂ 7 ਅਗਸਤ ( ਕੁਲਵੰਤ ਸਿੰਘ ਵਿਰਦੀ ) ਪੰਜਾਬ ਸਰਕਾਰ ਵੱਲੋਂ ਇੱਕ ਨਾਅਰਾ ਆਮ ਦਿੱਤਾ ਜਾ ਰਿਹਾ ਹੈ ਕਿ ਵੱਖ-ਵੱਖ ਸਹੂਲਤਾਂ ਦੇ ਭੰਡਾਰ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾਇਆ ਜਾ ਰਿਹਾ ਅਤੇ ਪਹੁੰਚਾਇਆ ਜਾਵੇਗਾ ਜਿਸ ਵਿੱਚ ਆਮ ਸਹੂਲਤਾਂ ਸੇਵਾ ਕੇਂਦਰਾਂ ਵਿੱਚ ਉਪਲੱਬਧ ਹਨ ਪਰ ਆਮ ਪਬਲਿਕ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰ ਕੇ ਉਸ ਸਹੂਲਤ ਨੂੰ ਪ੍ਰਾਪਤ ਕਰਨਾ ਪੈਦਾ ਹੈ ਇਹ ਆਮ ਲੋਕਾਂ ਦੀ ਧਾਰਨਾ ਸੀ ਪਰ ਜਦੋਂ ਅੱਜ ਪੱਤਰਕਾਰ ਕੁਲਵੰਤ ਸਿੰਘ ਵਿਰਦੀ ਨੂੰ ਆਪਣੇ ਨਿੱਜੀ ਕੰਮ ਲਈ ਸੇਵਾ ਕੇਂਦਰ ਵਿੱਚ ਆਪਣੀ ਇਕ ਸਾਲ ਦੀ ਪੋਤਰੀ ਬੇਟੀ ਦਾ ਆਧਾਰ ਕਾਰਡ ਅਪਲਾਈ ਕਰਨ ਲਈ ਜਾਣਾ ਪਿਆ ਲੇਕਿਨ ਜਦੋਂ ਸੇਵਾ ਕੇਂਦਰ ਵਿੱਚ ਪਹੁੰਚੇ ਤਾਂ ਆਮ ਪਬਲਿਕ ਦੀ ਤਰ੍ਹਾਂ ਟੋਕਨ ਸਿਸਟਮ ਵਿੱਚ ਹਾਜ਼ਰੀ ਲਗਵਾਈ ਅਤੇ ਟੋਕਨ ਪ੍ਰਾਪਤ ਕੀਤਾ ਜਦੋਂ ਕਿ ਸਵੇਰ ਦੇ ਟਾਈਮ ਹੀ ਇਕ ਨੰਬਰ ਕਾਊਂਟਰ ਦੀ ਸੇਵਾ ਬੰਦ ਸੀ ਅਤੇ ਉਸ ਕਾਊਂਟਰ ਤੇ ਬੈਠੀ ਮਹਿਲਾ ਮੁਲਾਜ਼ਮ ਨੇ ਕਿਹਾ ਦੋ ਨੰਬਰ ਕਾਊਂਟਰ ਤੇ ਸੇਵਾ ਮਿਲੇਗੀ ਜਦੋਂ ਕਿ ਆਪਣੇ ਨੰਬਰ ਦੀ ਉਡੀਕ ਵਿੱਚ ਇਕ ਘੰਟੇ ਦੇ ਕਰੀਬ ਸਮਾਂ ਬਤੀਤ ਹੋ ਗਿਆ ਤਾਂ ਉਸ ਤੋਂ ਬਾਅਦ ਲਾਈਟ ਬੰਦ ਹੋ ਗਈ ਜਿਥੇ ਕਿ ਸਰਕਾਰੀ ਅਦਾਰਿਆ, ਸੇਵਾ ਕੇਂਦਰਾਂ, ਬੈਂਕਾਂ ਵਿੱਚ ਜਰਨੇਟਰ ਸਲਫ ਸਟਾਰਟ ਹੁੰਦੇ ਹਨ ਲੇਕਿਨ ਸੇਵਾ ਕੇਂਦਰ ਦਾ ਜਰਨੇਟਰ ਪਬਲਿਕ ਦੇ ਰੌਲਾ ਪਾਉਣ ਤੇ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ ਗਈ ਲੇਕਿਨ ਜਰਨੇਟਰ ਸਟਾਰਟ ਨਹੀਂ ਹੋਇਆ ਕਿਉਂਕਿ ਜਰਨੇਟਰ ਵਿੱਚ ਤੇਲ ਨਹੀਂ ਸੀ ਜਦੋਂ ਇਸ ਸਬੰਧੀ ਮੁਲਾਜ਼ਮਾਂ ਨਾਲ ਗੱਲ ਕੀਤੀ ਗਈ ਤਾਂ ਉਨਾਂ ਨੇ ਕਿਹਾ ਜਰਨੇਟਰ ਵਿੱਚ ਤੇਲ ਪਵਾਉਣ ਲਈ ਪੈਸੇ ਨਹੀਂ ਮਿਲਦੇ ਜਦੋਂ ਕਿ ਅੱਤ ਦੀ ਗਰਮੀ ਦੇ ਮੌਸਮ ਕਾਰਨ ਛੋਟੇ ਬੱਚੇ ਮਾਵਾਂ ਦੀ ਗੋਦੀ ਚ,ਮਾਵਾਂ ਦੇ ਉਂਗਲੀ ਲੱਗੇ ਰੌ ਰਹੇ ਸਨ ਜੇਕਰ ਸੇਵਾ ਕੇਂਦਰ ਦੇ ਅੰਦਰ ਬੈਠਣ ਲਈ ਕੁਰਸੀਆਂ ਦੀ ਗੱਲ ਕਰੀਏ ਤਾਂ ਲਗਭੱਗ ਅੱਠ ਦੱਸ ਬੰਦਿਆਂ ਦੇ ਬੈਠਣ ਦਾ ਪ੍ਰਬੰਧ ਹੈ ਜਿਆਦਾਤਰ ਪਬਲਿਕ ਨੂੰ ਖੜ੍ਹੇ ਹੋ ਕਿ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ !ਹੈਲਪਲਾਈਨ ਨੰਬਰ 1100 ਤੇ ਸਕਾਇਤ ਕਰਨ ਤੇ ਵੀ ਕਸਟਮਕੇਅਰ ਵਾਲਿਆਂ ਵੱਲੋਂ ਕਿਹਾ ਗਿਆ ਕਿ ਤੁਹਾਨੂੰ ਜਿਲ੍ਹੇ ਅਧਿਕਾਰੀ ਦਾ ਫੋਨ ਆਵੇਗਾ ਲੇਕਿਨ ਐਲ ਸੀਡੀ ਤੇ ਚਲਦੇ ਨੰਬਰ ਵੀ ਲਗਦਾ ਪਬਲਿਕ ਨੂੰ ਗੁੰਮਰਾਹ ਕਰਨ ਲਈ ਦਿੱਤੇ ਗਏ ਹਨ ਜਦ ਕਿ ਇਸ ਨੰਬਰ ਉਪਰ ਕੀਤੀ ਗਈ ਕੰਪਲੇਟ ਬਾਰੇ ਕਿਸੇ ਅਧਿਕਾਰੀ ਦਾ ਫੋਨ ਨਾ ਆਉਣਾ ਇਹੀ ਦਰਸਾਉਂਦਾ ਹੈ ਕਿ ਇਹ ਨੰਬਰ ਸਿਰਫ ਪਬਲਿਕ ਨੂੰ ਗੁੰਮਰਾਹ ਕਰਨ ਲਈ ਹੀ ਦਿੱਤੇ ਗਏ ਹਨ ! ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ ਜੀ ਇੰਨਾਂ ਸੇਵਾ ਕੇਂਦਰਾਂ ਵੱਲੋਂ ਵਿਸੇਸ ਤੌਰ ਤੇ ਧਿਆਨ ਦਿੱਤਾ ਜਾਵੇ ਤਾਂ ਜੋ ਆਮ ਲੋਕਾਂ ਨੂੰ ਇਹਨਾਂ ਕੇਂਦਰਾਂ ਵਿੱਚੋਂ ਮਿਲਣ ਵਾਲੀਆਂ ਸੇਵਾਵਾਂ ਨੂੰ ਪ੍ਰਾਪਤ ਕਰਨ ਸਮੇਂ ਪ੍ਰੇਸ਼ਨੀ ਦਾ ਸਾਹਮਣਾ ਨਾ ਕਰਨਾ ਪਵੇ !



ਗੁਰਮੁਖ ਜਨਮ ਸਵਾਰ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

# ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



# ਸਵਰਗਵਾਸੀ ਗਿਆਨੀ ਮੋਹਨ ਸਿੰਘ ਉਰਲਾਣਾ

(ਵਿਦਿਆਰਥੀ ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ)

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕਰ ਰਹੇ ਹਾਂ ਕਿ ਸਾਡੇ ਸਤਿਕਾਰਯੋਗ
ਪਿਤਾ ਗਿਆਨੀ ਮੋਹਨ ਸਿੰਘ ਉਰਲਾਣਾ (ਸਪੁੱਤਰ ਸ਼ਹੀਦ ਸਰਦਾਰ ਇੰਦਰ ਸਿੰਘ ਜੀ)
ਆਪਣੀ ਸ਼ਰੀਰਕ ਯਾਤਰਾ ਸੰਪੂਰਨ ਕਰਦਿਆਂ ਹੋਇਆਂ 30 ਜੁਲਾਈ 2025 ਨੂੰ ਇਸ ਮਾਤ ਲੋਕ ਨੂੰ ਤਿਆਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਇਹਨਾਂ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਮਿਤੀ 8 ਅਗਸਤ 2025 ਦਿਨ ਸ਼ੁੱਕਰਵਾਰ ਨੂੰ

**ਭਾਈ ਸੇਵਾ ਸਿੰਘ ਹਾਲ, ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ ਵਿਖੇ।**

**ਸਮਾਂ ਦੁਪਹਿਰ 1:00 PM ਤੋ 2:00 PM**

ਆਪ ਜੀ ਨੇ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਦੁਖੀ ਹਿਰਦੇ ਸਮੂਹ ਪਰਿਵਾਰ

ਕੁਲਵੰਤ ਸਿੰਘ ਅਤੇ ਬੇਅੰਤ ਸਿੰਘ (ਸਪੁੱਤਰ)
ਸੁੱਖਵਿੰਦਰ ਕੌਰ (ਨੂੰਹ)
ਸਮੂੰਹ ਗੋਰਾਇਆ, ਸੈਣੀ ਅਤੇ ਭਾਟੀਆ ਪਰਿਵਾਰ।

ਆਵਾਜ਼ਿ ਕੌਮ AWAZE QAUM International Newspaper & WEB TV




ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸੰਗਤ ਨੂੰ ਅਕਾਲੀ ਦਲ ( ਵਾਰਿਸ ਪੰਜਾਬ ਦੇ ) ਵੱਲੋਂ ਪੁਰਜ਼ੋਰ ਅਪੀਲ ਕੀਤੀ ਹੈ ਕਿ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ, ਲੈਂਡ ਪੂਲਿੰਗ ਅਤੇ ਕੇਂਦਰ 'ਤੇ ਪੰਜਾਬ ਸਰਕਾਰ ਦੀਆਂ ਪੰਥ-ਪੰਜਾਬ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ 9 ਅਗਸਤ ਨੂੰ ''ਸਾਚਾ ਗੁਰ ਲਾਧੋ ਰੇ' ਦਿਵਸ ਤੇ ਬਾਬਾ ਬਕਾਲਾ ਸਾਹਿਬ ਵਿਖੇ ਰੱਖੀ ਪੰਥਕ ਕਾਨਫਰੰਸ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵੱਲੋਂ :- ਸ਼ਮਸ਼ੇਰ ਸਿੰਘ ਪੱਧਰੀ, ਕਾਰਜਕਾਰੀ ਕਮੇਟੀ ਮੈਂਬਰ ( ਅੰਮ੍ਰਿਤਸਰ ), ਅਕਾਲੀ ਦਲ ਵਾਰਿਸ ਪੰਜਾਬ ਦੇ**

### ਮਾਮਲਾ ਕੈਨੇਡਾ ਵਿਖੇ ਲਗੇ ਖਾਲਿਸਨੀ ਦੁਤਾਵਾਸ ਦੇ ਬੈਨਰ ਦਾ

# ਗੁਰਦੁਆਰਾ ਸਾਹਿਬ ਸਿੱਖਾਂ ਦੇ ਦੁਤਾਵਾਸ ਹਨ ਤੇ ਝੁਲਦੇ ਨਿਸ਼ਾਨ ਇਸ ਦੀ ਗਵਾਹੀ ਭਰਦੇ ਹਨ: ਹੋਥੀ




**ਨਵੀਂ ਦਿੱਲੀ 7 ਅਗਸਤ (ਮਨਪ੍ਰੀਤ ਸਿੰਘ ਖਾਲਸਾ):-** ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੇਲਟਾ ਪ੍ਰਬੰਧਕ ਕਮੇਟੀ ਦੇ ਇਕ ਮੈਂਬਰ ਭੁਪਿੰਦਰ ਸਿੰਘ ਹੋਥੀ ਦੇ ਨਾਮ ਹੇਠ ਗੁਰਦੁਆਰਾ ਸਾਹਿਬ ਦੀ ਇਕ ਬਿਲਡਿੰਗ ਵਿਚ ਲਗੇ "ਖਾਲਿਸਤਾਨੀ ਦੂਤਾਵਾਸ" ਦੇ ਬੈਨਰ ਬਾਰੇ ਆਪਣਾ ਪੱਖ ਸਪਸ਼ਟ ਕਰਦੇ ਹੋਏ ਮੀਡੀਆ ਨੂੰ ਪ੍ਰੈਸ ਨੋਟ ਜਾਰੀ ਕੀਤਾ ਹੈ। ਉਨ੍ਹਾਂ ਲਿਖਿਆ ਕਿ 18 ਜੂਨ, 2023 ਨੂੰ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੂੰ ਭਾਰਤੀ ਏਜੰਟਾਂ ਦੁਆਰਾ ਗੋਲੀ ਮਾਰਨ ਤੋਂ ਬਾਅਦ, ਇਸ ਸਥਾਨ 'ਤੇ ਸਥਿਤ ਸੀਨੀਅਰ ਸੈਂਟਰ ਦੇ ਸਾਹਮਣੇ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ, ਜਸਟਿਨ ਟਰੂਡੋ ਨੇ ਸੰਸਦ ਵਿੱਚ ਇੱਕ ਬਿਆਨ ਦਿੱਤਾ ਸੀ ਜਿਸ ਵਿੱਚ ਸਪੱਸ਼ਟ ਤੌਰ 'ਤੇ ਪੁਸ਼ਟੀ ਕੀਤੀ ਗਈ ਸੀ ਕਿ ਇਸ ਨਿਸ਼ਾਨਾਬੱਧ ਹੱਤਿਆ ਦੇ ਪਿੱਛੇ ਭਾਰਤੀ ਖੁਫੀਆ ਏਜੰਟ ਸਨ। ਇਹ ਨਹੀਂ ਭੁੱਲਣਾ ਚਾਹੀਦਾ ਕਿ ਕਤਲ ਤੋਂ ਠੀਕ ਪਹਿਲਾਂ ਸੀਨੀਅਰ ਸੈਂਟਰ ਦੇ ਨੇੜੇ ਕਾਤਲ ਲੁਕੇ ਹੋਏ ਸਨ। ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੂੰ ਸਮਰਪਿਤ ਇੱਕ ਯਾਦਗਾਰ ਅਤੇ ਯਾਦਗਾਰੀ ਗੇਟ ਇਸ ਸਮੇਂ ਇਸ ਸਥਾਨ 'ਤੇ ਨਿਰਮਾਣ ਅਧੀਨ ਹੈ। ਇਹ ਉਨ੍ਹਾਂ ਦੀ ਕੁਰਬਾਨੀ ਨੂੰ ਸਥਾਈ ਸ਼ਰਧਾਂਜਲੀ ਵਜੋਂ ਕੰਮ ਕਰਨਗੇ ਅਤੇ ਸੰਗਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਕਰਨ ਅਤੇ ਨਿਆਂ ਅਤੇ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣ ਲਈ ਇੱਕ ਪਵਿੱਤਰ ਸਥਾਨ ਪ੍ਰਦਾਨ ਕਰਨਗੇ। 15 ਜੂਨ, 2025 ਨੂੰ ਹਜ਼ਾਰਾਂ ਹਾਜ਼ਰੀਨ ਦੀ ਮੌਜੂਦਗੀ ਵਿੱਚ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਇਸ ਸ਼ਹੀਦੀ ਸਥਾਨ 'ਤੇ ਖਾਲਿਸਤਾਨੀ ਝੰਡਾ ਮਾਣ ਨਾਲ ਲਹਿਰਾਇਆ ਗਿਆ ਸੀ, ਜੋ ਉਨ੍ਹਾਂ ਦੁਆਰਾ ਆਪਣੀ ਜਾਨ ਦੇਣ ਦੇ ਉਦੇਸ਼ ਪ੍ਰਤੀ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ। ਇਹ ਸਾਈਨ ਬੋਰਡ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਸ਼ਹੀਦੀ ਸਥਾਨ 'ਤੇ ਪ੍ਰੋਜੈਕਟ ਦਾ ਹਿੱਸਾ ਹੈ। ਦੂਰੋਂ-ਨੇੜਿਓਂ ਸੰਗਤਾਂ ਇੱਥੇ ਸ਼ਰਧਾਂਜਲੀ ਦੇਣ ਲਈ ਆਉਂਦੀਆਂ ਹਨ, ਇਸ ਲਈ ਇਮਾਰਤ ਨੂੰ ਤਾਜ਼ਾ ਰੰਗ ਕੀਤਾ ਗਿਆ ਸੀ ਅਤੇ ਨਵਾਂ ਸਾਈਨ ਬੋਰਡ ਲਗਾਇਆ ਗਿਆ ਸੀ। ਇਹ ਸਾਈਨ ਦੱਸਦਾ ਹੈ ਕਿ ਭਾਰਤ ਸਰਕਾਰ ਨੇ ਇਸ ਸਥਾਨ 'ਤੇ ਸਾਡੇ ਪਿਆਰੇ ਭਰਾ ਦਾ ਕਤਲ ਕਰ ਦਿੱਤਾ ਸੀ, ਅਤੇ ਇਹ ਭਾਈ ਨਿੱਝਰ ਦੁਆਰਾ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਜਾਰੀ ਰੱਖਣ ਦੀ ਸਾਡੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ ਜਿਸ ਨਾਲ ਆਪਣੇ ਭਾਈਚਾਰੇ ਅਤੇ ਇਸ ਤੋਂ ਬਾਹਰ ਜਾਗਰੂਕਤਾ ਵੀਂ ਪੈਦਾ ਹੋ ਰਹੀ ਹੈ। ਸ਼ੁਰੂ ਤੋਂ ਹੀ, ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਦੁਨੀਆ ਭਰ ਦੇ ਗੁਰਦੁਆਰੇ, ਅਸਲ ਵਿੱਚ, ਸਿੱਖ ਕੌਮ ਦੇ ਦੂਤਾਵਾਸ ਹਨ। ਨਿਸ਼ਾਨ ਸਾਹਿਬ, ਜੋ ਹਰ ਗੁਰਦੁਆਰੇ 'ਤੇ ਉੱਚਾ ਉੱਡਦਾ ਹੈ, ਸਾਡੀ ਪ੍ਰਭੂਸੱਤਾ ਬ੍ਰਹਮ ਅਧਿਕਾਰ ਅਤੇ ਸਾਡੇ ਸਿੱਖ ਵਤਨ ਦੀ ਪ੍ਰਤੀਨਿਧਤਾ ਦਾ ਪ੍ਰਤੀਕ ਹੈ। ਹਾਲ ਹੀ ਵਿੱਚ, ਭਾਰਤ ਦੀ ਪ੍ਰਚਾਰ ਮਸ਼ੀਨਰੀ ਨੇ ਦਾਅਵਾ ਕੀਤਾ ਹੈ ਕਿ ਇੱਥੇ ਇੱਕ ਅਖੌਤੀ "ਖਾਲਿਸਤਾਨ ਦੂਤਾਵਾਸ" ਖੋਲ੍ਹਿਆ ਗਿਆ ਹੈ। ਸ਼ਹੀਦ ਨਿੱਝਰ ਦਾ ਕਤਲ ਕਰਨ ਵਾਲਿਆਂ ਦਾ ਮੰਨਣਾ ਸੀ ਕਿ ਉਸਨੂੰ ਮਾਰਨ ਨਾਲ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚੋਂ ਖਾਲਿਸਤਾਨ ਦੀ ਆਵਾਜ਼ ਚੁੱਪ ਹੋ ਜਾਵੇਗੀ। ਇਸ ਦੀ ਬਜਾਏ, ਇਸ ਦੇ ਉਲਟ ਹੋਇਆ ਹੈ ਖਾਲਿਸਤਾਨ ਦੇ ਮੁੱਦੇ 'ਤੇ ਹੁਣ ਹੋਰ ਵੀ ਤਾਕਤ ਅਤੇ ਦ੍ਰਿੜਤਾ ਨਾਲ ਗੱਲ ਕੀਤੀ ਜਾ ਰਹੀ ਹੈ। ਇਸ ਸਥਾਨ ਤੋਂ ਖਾਲਿਸਤਾਨੀ ਨਿਸ਼ਾਨ ਹਟਾਉਣ ਲਈ ਸਾਡੇ ਸਥਾਨਕ ਸਿੱਖ ਮਾਮਲਿਆਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਤਹਿਤ ਹਮਲਾਵਰ ਦਬਾਅ ਇੱਕ ਹੋਰ ਉਦਾਹਰਣ ਹੈ। ਦੁਨੀਆ ਭਰ ਦਾ ਹਰ ਸਿੱਖ ਖਾਲਿਸਤਾਨ ਦੇ ਉਦੇਸ਼ ਲਈ ਵਚਨਬੱਧ ਹੈ, ਪਰ ਇਨ੍ਹਾਂ ਭਾਰਤੀ ਏਜੰਟਾਂ ਨੂੰ ਭਾਰਤ ਸਰਕਾਰ ਤੋਂ ਕੈਨੇਡਾ ਵਿੱਚ ਖਾਲਿਸਤਾਨੀ ਗਤੀਵਿਧੀਆਂ ਨੂੰ ਵਿਗਾੜਨ ਅਤੇ ਸਾਬੋਤਾਜ ਕਰਨ ਲਈ ਸਿੱਧੇ ਨਿਰਦੇਸ਼ ਮਿਲ ਰਹੇ ਹਨ। ਇਸ ਨਿਸ਼ਾਨ ਨੂੰ ਹਟਾਉਣ ਦੀ ਕੋਸ਼ਿਸ਼ ਕਰਨ ਵਾਲੇ, ਜਾਣਬੁੱਝ ਕੇ ਜਾਂ ਅਣਜਾਣੇ ਵਿੱਚ, ਸਿੱਧੇ ਤੌਰ 'ਤੇ ਭਾਰਤ ਸਰਕਾਰ ਦੇ ਹਿੱਤਾਂ ਵਿੱਚ ਕੰਮ ਕਰ ਰਹੇ ਹਨ, ਜਿਸਨੂੰ ਸਰੀ ਦੀ ਸੰਗਤ ਕਦੇ ਵੀ ਸਵੀਕਾਰ ਨਹੀਂ ਕਰੇਗੀ। ਇਸ ਨਵੀਂ ਭਾਵਨਾ ਦਾ ਇੱਕ ਪ੍ਰਤੱਖ ਨਤੀਜਾ ਇਸ ਪਵਿੱਤਰ ਸਥਾਨ ਦਾ ਨਵੀਨੀਕਰਨ ਹੈ, ਇਹ ਯਕੀਨੀ ਬਣਾਉਣਾ ਕਿ ਇਹ ਸੰਗਤ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ਹੀਦ ਨਿੱਝਰ ਦੀ ਕੁਰਬਾਨੀ ਦਾ ਸਨਮਾਨ ਕਰਨ ਅਤੇ ਨਿਆਂ ਅਤੇ ਆਜ਼ਾਦੀ ਲਈ ਸੰਘਰਸ਼ ਨੂੰ ਅੱਗੇ ਵਧਾਉਣ ਲਈ ਇੱਕ ਸਥਾਈ ਯਾਦਗਾਰ ਵਜੋਂ ਖੜ੍ਹਾ ਹੈ। ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਇਹ ਇਮਾਰਤ ਮੁੱਖ ਤੌਰ 'ਤੇ ਬਜ਼ੁਰਗਾਂ ਲਈ ਵਰਤੀ ਜਾਂਦੀ ਹੈ, ਉਨ੍ਹਾਂ ਲਈ ਇੱਕ ਮਹੱਤਵਪੂਰਨ ਭਾਈਚਾਰਕ ਕੇਂਦਰ ਵਜੋਂ ਕੰਮ ਕਰਦੀ ਹੈ, ਹਾਲਾਂਕਿ ਇਸਦੀ ਵਰਤੋਂ ਸੰਗਤ ਦੇ ਅੰਦਰ ਹੋਰ ਸਮੂਹਾਂ ਦੁਆਰਾ ਵੀ ਕੀਤੀ ਜਾਂਦੀ ਹੈ। ਹਾਲ ਹੀ ਵਿੱਚ ਕੀਤੀ ਗਈ ਪੇਂਟਿੰਗ ਅਤੇ ਚਿੰਨ੍ਹ ਲਗਾਉਣ ਸਮੇਤ, ਸਾਰੇ ਨਵੀਨੀਕਰਨ ਅਤੇ ਰੱਖ-ਰਖਾਅ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੂਰੀ ਤਰ੍ਹਾਂ ਫੰਡ ਅਤੇ ਪ੍ਰਬੰਧਨ ਕੀਤਾ ਗਿਆ ਹੈ। ਅਸੀਂ ਸਾਰਿਆਂ ਲਈ, ਖਾਸ ਕਰਕੇ ਆਪਣੇ ਬਜ਼ੁਰਗਾਂ ਲਈ ਇੱਕ ਸੁਰੱਖਿਅਤ ਅਤੇ ਸਤਿਕਾਰਯੋਗ ਜਗ੍ਹਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਅਤੇ ਇਹ ਯਕੀਨੀ ਬਣਾਉਂਦੇ ਰਹਾਂਗੇ ਕਿ ਇਮਾਰਤ ਚੰਗੀ ਤਰ੍ਹਾਂ ਬਣਾਈ ਰੱਖੀ ਜਾਵੇ ਅਤੇ ਸਮੁੱਚੇ ਭਾਈਚਾਰੇ ਲਈ ਪਹੁੰਚਯੋਗ ਹੋਵੇ। ਭਾਈ ਅਮਨਦੀਪ ਸਿੰਘ ਜੌਹਲ ਦੀ ਅਗਵਾਈ ਹੇਠ, ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਉਣ ਵਾਲੇ ਸਮੇਂ ਵਿੱਚ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੁਆਰਾ ਸ਼ੁਰੂ ਕੀਤੇ ਗਏ ਮਿਸ਼ਨ ਅਤੇ ਕਾਰਜ ਨੂੰ ਅੱਗੇ ਵਧਾਉਣ ਲਈ ਸੰਗਤ ਦੇ ਪੂਰੇ ਸਮਰਥਨ ਨਾਲ ਜਾਰੀ ਰਹੇਗੀ। ਅਸੀਂ ਆਪਣੇ ਗੁਰਦੁਆਰੇ, ਆਪਣੇ ਸ਼ਹੀਦ ਦੀ ਵਿਰਾਸਤ, ਜਾਂ ਆਪਣੀ ਖਾਲਿਸਤਾਨ ਲਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰਾਂਗੇ।

> ☛ ਪ੍ਰਬੰਧਕ ਕਮੇਟੀ ਖਾਲਿਸਤਾਨ ਹਮਾਇਤੀ ਹੋਣ ਦਾ ਦਾਹਵਾ ਕਰਣ ਦੇ ਨਾਲ ਖਾਲਿਸਤਾਨ ਦੇ ਹਮਾਇਤੀਆਂ ਨਾਲ ਵੈਰ ਵਿਰੋਧ ਕਿਉਂ ਕਰ ਰਹੀ ਹੈ..? ☛ ਸਕੱਤਰ ਨੂੰ ਸਟੇਜ ਤੋਂ ਬੋਲਣ ਤੇ ਰੋਕ ਕਿਸ ਦਬਾਅ ਅਧੀਨ ਤੇ ਨਾ ਬਾਲਗ ਬੱਚਿਆਂ ਨੂੰ ਗੁਰੂਘਰ ਅੰਦਰ ਬੈਨ ਕਿਉਂ ਕੀਤਾ ਗਿਆ?

ਇਸ ਦਸਣਯੋਗ ਹੈ ਕਿ ਭਾਈ ਭੁਪਿੰਦਰ ਸਿੰਘ ਹੋਥੀ ਪਹਿਲਾਂ ਭਾਈ ਹਰਦੀਪ ਸਿੰਘ ਨਿੱਝਰ ਨਾਲ ਹੁੰਦੇ ਸਨ ਪਰ ਹੁਣ ਉਨ੍ਹਾਂ ਦੇ ਸਾਥੀ ਮੈਂਬਰਾਂ ਨੂੰ ਛੱਡ ਕੇ ਦੂਜੀ ਪਾਰਟੀ ਦੇ ਮੈਂਬਰਾਂ ਨਾਲ ਮਿਲ ਗਏ ਹਨ ਤੇ ਉਨ੍ਹਾਂ ਪ੍ਰਬੰਧਕਾਂ ਵਲੋਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਨੂੰ ਸਟੇਜ ਉਪਰ ਇਕ ਸਾਜ਼ਿਸ਼ ਤਹਿਤ ਬੋਲਣ ਤੋਂ ਰੋਕ ਲਗਾਈ ਹੋਈ ਹੈ ਜਦਕਿ ਭਾਈ ਤੂਰ ਸੇਵਾ ਪੱਖੋਂ ਹਰਮਨ ਪਿਆਰੇ ਹਨ ਤੇ ਸੰਗਤਾਂ ਵਿਚ ਵੀਂ ਇਸ ਗੱਲ ਦਾ ਵੱਡਾ ਰੋਸ ਦੇਖਿਆ ਜਾ ਰਿਹਾ ਹੈ, ਇੰਨ੍ਹਾ ਪ੍ਰਬੰਧਕਾਂ ਵਲੋਂ ਬੀਬੀਆਂ ਨੂੰ ਗੁਰਦੁਆਰਾ ਸਾਹਿਬ ਅੰਦਰ ਚੋਪਹਿਰਾ ਦੇ ਪਾਠ ਨਹੀਂ ਕਰਣ ਦਿੱਤੇ ਜਾ ਰਹੇ ਜੋ ਕਿ ਭਾਈ ਨਿੱਝਰ ਨੇ ਆਪ ਚਾਲੂ ਕਰਵਾਏ ਸਨ ਤੇ ਨਾਲ ਹੀ ਨਾਬਾਲਗ ਬੱਚਿਆਂ ਨੂੰ ਵੀਂ ਗੁਰਦੁਆਰਾ ਸਾਹਿਬ ਅੰਦਰ ਬੈਨ ਕੀਤਾ ਹੋਇਆ ਹੈ ਜਦਕਿ ਓਹ ਓਥੇ ਹਰ ਰੋਜ ਸੇਵਾ ਕਰਣ ਦੇ ਨਾਲ ਪਾਠ ਦੀਆਂ ਹਾਜ਼ਿਰੀਆਂ ਵੀਂ ਭਰਦੇ ਹੁੰਦੇ ਸਨ। ਮੌਜੂਦਾ ਪ੍ਰਬੰਧਕਾਂ ਨੂੰ ਉਪਰਲੀਆਂ ਗੱਲਾਂ ਤੇ ਆਪਣਾ ਪੱਖ ਸਪਸ਼ਟ ਕਰਣਾ ਚਾਹੀਦਾ ਹੈ ਕਿ ਇਕ ਪਾਸੇ ਤੁਸੀਂ ਖਾਲਿਸਤਾਨ ਦੀ ਹਮਾਇਤ ਕਰ ਰਹੇ ਹੋ ਤੇ ਦੂਜੇ ਪਾਸੇ ਖਾਲਿਸਤਾਨ ਲਈ ਆਪਾ ਵਾਰਨ ਵਾਲਿਆਂ ਨਾਲ ਵੈਰ ਵਿਰੋਧ ਕਿਸੇ ਦੇ ਕਹਿਣ ਜਾ ਦਬਾਅ ਅਧੀਨ ਪਾਲ ਰਹੇ ਹੋ।

# ਸ੍ਰੀ ਆਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਤਖ਼ਤ ਪਟਨਾ ਸਾਹਿਬ ਕਮੇਟੀ ਨੇ ਕੀਤੀ ਮੁਲਾਕਾਤ



ਨਵੀਂ ਦਿੱਲੀ, 7 ਅਗਸਤ (ਮਨਪ੍ਰੀਤ ਸਿੰਘ ਖਾਲਸਾ): ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਗਿਆਨੀ ਟੇਕ ਸਿੰਘ ਧਨੌਲਾ ਵੀ ਹਾਜਰ ਰਹੇ। ਸਰਦਾਰ ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਜਥੇਦਾਰ ਸਾਹਿਬ ਨੂੰ ਮਿਲਕੇ ਉਨ੍ਹਾਂ ਨੂੰ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਬਿਹਾਰ ਸਰਕਾਰ ਦੇ ਸਾਂਝੇ ਯਤਨਾਂ ਨਾਲ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਕੇ ਕੱਢੀ ਜਾ ਰਹੀ ਸ਼ਹੀਦੀ ਜਾਗਰੂਕਤਾ ਯਾਤਰਾ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਜੀ ਨੂੰ ਯਾਤਰਾ ਦੀ ਸ਼ੁਰੂਆਤ ਸਮੇ ਹਾਜਰ ਰਹਿ ਕੇ ਯਾਤਰਾ ਸ਼ੁਰੂ ਕਰਵਾਉਣ ਦੀ ਬੇਨਤੀ ਵੀ ਕੀਤੀ। ਇਸ ਮੌਕੇ ਸਰਦਾਰ ਸੋਹੀ ਦੇ ਨਾਲ ਜਨਰਲ ਸਕੱਤਰ ਇੰਦਰਜੀਤ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਮਾਨਵਿੰਦਰ ਸਿੰਘ ਅਤੇ ਜਸਬੀਰ ਸਿੰਘ ਧਾਮ ਵੀ ਹਾਜ਼ਰ ਸਨ।

# ਬੰਗਾਵਾਲੀ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਬੰਗਾਵਾਲੀ ਦੇ ਸਰਪੰਚ ਹਰਵਿੰਦਰ ਸਿੰਘ ਲਾਲੀ ਦੀ ਅਗਵਾਈ ਹੇਠ ਪਿੰਡ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਦਾ ਤਿਹਾਰ ਮਨਾਇਆ ਗਿਆ। ਜਿਸ ਵਿੱਚ ਨੂਹਾਂ ਧੀਆਂ ਸੱਸਾਂ ਨੇ ਪਿੰਡ ਦੀ ਸੱਥ ਵਿੱਚ ਇਕੱਠਿਆਂ ਮਨੋਰੰਜਨ ਕਰਕੇ ਪੀਂਗਾਂ ਝੂਟ ਕੇ ਚਰਖੇ ਕੱਤ ਕੇ ਪੁਰਾਣੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਰਪੰਚ ਲਾਲੀ ਬੰਗਾਵਾਲੀ ਨੇ ਕਿਹਾ ਕਿ ਇਹ ਤੀਆਂ ਉਹ ਤਿਉਹਾਰ ਹੈ ਜਿੱਥੇ ਸਾਡੀਆਂ ਨੂੰਹਾਂ, ਧੀਆਂ ,ਮਾਤਾਵਾਂ ਇਕੱਠੀਆਂ ਨੱਚ ਕੇ ਮਨੋਰੰਜਨ ਕਰਦੀਆਂ ਹਨ ਅਤੇ ਇਹ ਪੰਜਾਬੀ ਸੱਭਿਆਚਾਰ ਨੂੰ ਸਾਂਭ ਕੇ ਰੱਖਣ ਦਾ ਵੀ ਉਪਰਾਲਾ ਕਰ ਰਹੀਆਂ ਹਨ ।ਇਸ ਮੌਕੇ ਪੰਚ ਜਸਵੀਰ ਕੌਰ, ਗੁਰਮੇਲ ਕੌਰ. ਬੰਤ ਕੌਰ, ਯਾਦਵਿੰਦਰ ਸਿੰਘ, ਨਿਰਮਲ ਸਿੰਘ, ਮੋਹਨ ਖਾਂ,ਗੁਰਪ੍ਰੀਤ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਹਲਕਾ ਇੰਚਾਰਜ ਲੱਗਣ ਤੇ ਸੋਨੀਆ ਮਾਨ ਵੱਲੋਂ ਸ਼ੁਕਰਾਨੇ ਵਜੋਂ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਪਹੁੰਚੀ ਪੰਜਾਬ ਦੀ ਸਮੁੱਚੀ ਲੀਡਰਸ਼ਿਪ

# ਰਾਜਾਸਾਂਸੀ ਹਲਕੇ ਦੇ ਗੁਰਦੁਆਰਾ ਬਾਬਾ ਜਾਗੋ ਸ਼ਹੀਦ ਵਿਖੇ ਰੱਖੇ ਗਏ ਸਮਾਗਮ ਚ ਸੋਨੀਆ ਮਾਨ ਨੂੰ ਮਿਲਿਆ ਭਰਵਾ ਹੁੰਗਾਰਾ

**ਜੰਡਿਆਲਾ ਗੁਰੂ, 7 ਅਗਸਤ ( ਕੁਲਵੰਤ ਸਿੰਘ ਵਿਰਦੀ )**-ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਮਾਝਾ ਜੋਨ ਦੇ ਇੰਚਾਰਜ ਅਤੇ ਵਿਧਾਨ ਸਭਾ ਹਲਕਾ ਰਾਜਾਸਾਂਸੀ ਤੋਂ ਨਵ ਨਿਯੁਕਤ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਦੀ ਅਗਵਾਈ ਹੇਠ ਅੱਜ ਪਿੰਡ ਕੋਹਾਲੀ ਦੇ ਗੁਰਦੁਆਰਾ ਬਾਬਾ ਜਾਗੋ ਸ਼ਹੀਦ ਵਿਖੇ ਪਰਮਾਤਮਾ ਦਾ ਸ਼ੁਕਰ ਅਦਾ ਕਰਨ ਲਈ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਏ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ। ਵਿਸ਼ੇਸ਼ ਤੌਰ ਤੇ ਪਹੁੰਚੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੋਨੀਆ ਮਾਨ ਦੇ ਪਿਤਾ ਸਵ. ਬਲਦੇਵ ਸਿੰਘ ਮਾਨ ਦੀ ਪੰਜਾਬ ਲਈ ਬਹੁਤ ਵੱਡੀ ਕੁਰਬਾਨੀ ਹੈ, ਉਨ੍ਹਾਂ ਦੀ ਕੁਰਬਾਨੀ ਨੂੰ ਵੇਖਦਿਆਂ ਹੋਇਆਂ ਹੀ ਸੋਨੀਆ ਮਾਨ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਤੇ ਪਾਰਟੀ ਨੂੰ ਉਨ੍ਹਾਂ ਤੋਂ ਬਹੁਤ ਉਮੀਦਾਂ ਹਨ ਕਿ ਉਹ ਪੂਰੀ ਇਮਾਨਦਾਰੀ ਨਾਲ ਹਲਕੇ ਦੀ ਸੇਵਾ ਕਰਨਗੇ। ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਸੋਨੀਆ ਮਾਨ ਦੇ ਪਿਤਾ ਜੀ ਨੇ ਹੱਕ ਸੱਚ ਦੀ ਲੜਾਈ ਲੜਦਿਆਂ ਹੋਇਆਂ, ਪੰਜਾਬ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਮੋਹਰੀ ਰੋਲ ਨਿਭਾਇਆ ਅਤੇ ਉਨ੍ਹਾਂ ਲੋਕ ਹਿੱਤਾਂ ਲਈ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਆਪਣੇ ਪਿਤਾ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਦੀ



ਜ਼ਿੰਮੇਵਾਰੀ ਹੁਣ ਸੋਨੀਆ ਮਾਨ ਦੇ ਮੋਢਿਆ 'ਤੇ ਹੈ ਅਤੇ ਇਸ ਵਾਸਤੇ ਹਲਕਾ ਰਾਜਾਸਾਂਸੀ ਦੇ ਲੋਕਾਂ ਦੇ ਸਹਿਯੋਗ ਦੀ ਬਹੁਤ ਜਰੂਰਤ ਹੈ। ਅਮਨ ਅਰੋੜਾ ਨੇ ਇਹ ਵੀ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਖਰਚਿਆਂ, ਪਰਚਿਆਂ ਅਤੇ ਨਸ਼ਿਆਂ ਦੀ ਰਾਜਨੀਤੀ ਕਰਕੇ ਪੰਜਾਬ ਨੂੰ ਕਲੰਕਿਤ ਕੀਤਾ ਹੈ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ 2027 ਵਿੱਚ ਮਾਝੇ ਵਿੱਚੋਂ ਸਾਰੀਆਂ ਸੀਟਾਂ ਜਿੱਤ ਕੇ ਆਪ ਦੀ ਝੋਲੀ ਵਿੱਚ ਪਾਉਣਗੇ। ਇਸ ਮੌਕੇ ਤੇ ਸੰਬੋਧਨ ਕਰਦਿਆਂ ਵਿਧਾਇਕ ਡਾ. ਅਜੇ ਗੁਪਤਾ, ਡਾ. ਇੰਦਰਬੀਰ ਸਿੰਘ ਨਿੱਝਰ, ਸਰਵਨ ਸਿੰਘ ਧੁੰਨ, ਮਹਿਲ ਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪਹਿਲੀਆਂ ਸਿਆਸੀ ਪਾਰਟੀਆਂ ਵੱਲੋਂ ਬੁਰੀ ਤਰ੍ਹਾਂ ਉਜਾੜੇ ਗਏ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਸੋਨੀਆ ਮਾਨ ਨੂੰ ਇਹ ਵੀ ਸੁਝਾਅ ਦਿੱਤਾ ਕਿ ਉਹ ਸਾਰੇ ਵਲੰਟੀਅਰਾਂ ਨੂੰ ਆਪਣੇ ਨਾਲ ਲੈ ਕੇ ਚੱਲਣ। ਮੰਚ ਸੰਚਾਲਕ ਦੇ ਫਰਜ਼ ਯੂਥ ਆਗੂ ਸੁਖਦੀਪ ਸਿੰਘ ਛੀਨਾ ਵੱਲੋਂ ਨਿਭਾਏ ਗਏ। ਇਸ ਸਮੇਂ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ,ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਪ੍ਰੀਤ ਸਿੰਘ, ਜਗਵਿੰਦਰ ਪਾਲ ਸਿੰਘ ਜੱਗਾ ਮਜੀਠੀਆ, ਤਰਸੇਮ ਸਿੰਘ ਸਿਆਲਕਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ, ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਭਾਟੀਆ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਧਰਮ ਪਤਨੀ ਸਹਿੰਦਰ ਕੌਰ, ਬਲਦੇਵ ਸਿੰਘ ਪੰਨੂ, ਦਲਜੀਤ ਸਿੰਘ ਮਿਆਦੀਆਂ, ਨਗਲ ਕੌਂਸਲ ਰਾਜਾਸਾਂਸੀ ਦੇ ਪ੍ਰਧਾਨ ਅਰਵਿੰਦਰ ਸਿੰਘ ਬੱਬੂ,ਡਾ. ਭਗਵੰਤ ਸਿੰਘ ਖਿਆਲਾ, ਸਰਪੰਚ ਅਵਤਾਰ ਸਿੰਘ ਲਾਲੀ ਸਾਰੰਗੜਾ, ਜਥੇਦਾਰ ਦਇਆ ਸਿੰਘ ਕੱਕੜ, ਦਇਆ ਸਿੰਘ ਸਾਰੰਗੜਾ, ਸਰਪੰਚ ਗੁਰਜੀਤ ਸਿੰਘ ਘੁੱਕ ਮਾਦੋਕੇ, ਠੇਕੇਦਾਰ ਭੁਪਿੰਦਰ ਸਿੰਘ ਸੋਖਲ, ਸਰਪੰਚ ਗੁਰਜੰਟ ਸਿੰਘ ਗੋਰੂ, ਡਾ. ਅਰਜਿੰਦਰ ਸਿੰਘ ਕੋਹਾਲੀ, ਰਾਜਬੀਰ ਸਿੰਘ ਤੋਲਾ ਨੰਗਲ, ਦਿਲਬਾਗ ਸਿੰਘ ਕੋਹਾਲੀ, ਪਿੰਡ ਛੀਨਾ ਕਰਮ ਸਿੰਘ ਦੇ ਸਰਪੰਚ ਗੁਰਸਾਹਿਬ ਸਿੰਘ, ਪੰਚ ਜੋਬਨ ਕੋਹਾਲੀ, ਪ੍ਰਧਾਨ ਕੁਲਦੀਪ ਸਿੰਘ ਕੋਹਾਲੀ, ਬੀਬੀ ਪਰਮਜੀਤ ਕੌਰ ਮਾਨ, ਅਵਤਾਰ ਸਿੰਘ ਕੋਹਾਲੀ, ਸਾਬਕਾ ਸਰਪੰਚ ਅਜੀਤ ਸਿੰਘ ਚੈਨਪੁਰ, ਦਲਜੀਤ ਸਿੰਘ ਖਿਆਲਾ, ਸਰਪੰਚ ਮੋਰ ਸਿੰਘ ਚੈਨਪੁਰ, ਸਰਪੰਚ ਪਰਗਟ ਸਿੰਘ ਬਰਾੜ, ਬਿੱਟੂ ਬਾਵਾ, ਬਲਦੇਵ ਸਿੰਘ ਭੁੱਲਰ, ਸੂਬਾ ਸਿੰਘ ਬੋਪਾਰਾਏ, ਗੁਰਸ਼ਰਨਪ੍ਰੀਤ ਸਿੰਘ ਮਾਨਾਵਾਲਾ, ਸ਼ਿਵ ਕੁਮਾਰ ਚੋਗਾਵਾਂ, ਗੁਰਪ੍ਰਤਾਪ ਸਿੰਘ ਸੰਧੂ, ਸਰਪੰਚ ਜਗਬੀਰ ਸਿੰਘ ਤੱਲੇ, ਪਰਮਿੰਦਰ ਸਿੰਘ ਘਣੀਆ, ਜ਼ੈਲਦਾਰ ਸਰਤਾਜ ਸਿੰਘ ਖਿਆਲਾ, ਸਰਪੰਚ ਗੁਰਮੁਖ ਸਿੰਘ ਕਲੇਰ, ਸਰਪੰਚ ਝਰਮਲ ਸਿੰਘ ਪਧਰੀ ਸੁੱਚਾ ਸਿੰਘ ਗਿੱਲ ਝੰਜੋਟੀ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ, ਸਰਪੰਚ ਤੇ ਮੁਹਤਬਰ ਹਾਜ਼ਰ ਸਨ।

ਗੁਰਦੁਆਰਾ ਗੁਰ ਪ੍ਰਕਾਸ਼ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਬਠਿੰਡਾ ਰੋਡ ਤਲਵੰਡੀ ਸਾਬੋ ਵਿਖੇ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਤੇ ਦਮਦਮੀ ਟਕਸਾਲ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ
















ਗੁਰਦੁਆਰਾ ਗੁਰ ਪ੍ਰਕਾਸ਼ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਬਠਿੰਡਾ ਰੋਡ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਤੇ ਦਮਦਮੀ ਟਕਸਾਲ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਇਹਨਾਂ ਸਮਾਗਮਾਂ ਵਿੱਚ ਵੱਖ ਵੱਖ ਮਹਾਂਪੁਰਖਾਂ ਅਤੇ ਧਾਰਮਿਕ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਅਤੇ ਮਹਾਂਪੁਰਖਾਂ ਨੇ ਕਥਾ ਕੀਰਤਨ ਰਾਹੀਂ ਲਾਹੇ ਪ੍ਰਾਪਤ ਕੀਤੇ। ਉਪਰੰਤ ਅਰਦਾਸ ਬੇਨਤੀ ਕੀਤੀ ਗਈ, ਸੇਵਾਦਾਰਾਂ ਨੇ ਪੂਰੇ ਤਨ ਮਨ ਧਨ ਨਾਲ ਸੇਵਾਵਾਂ ਕੀਤੀਆਂ। ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਜਥੇਦਾਰ ਬਾਬਾ ਪਿੱਪਲ ਸਿੰਘ ਜੀ ਵੱਲੋਂ ਆਏ ਹੋਏ ਵੱਖ ਵੱਖ ਮਹਾਂਪੁਰਖਾਂ ਅਤੇ ਜੱਥਿਆਂ ਦਾ ਮਾਨ ਸਨਮਾਨ ਕੀਤਾ ਗਿਆ ਅਤੇ ਸਮੂਹ ਸੰਤ ਮਹਾਂਪੁਰਖਾਂ ਦਾ ਅਤੇ ਸੇਵਾਦਾਰਾਂ ਦਾ ਧੰਨਵਾਦ ਵੀ ਕੀਤਾ। ਵੱਲੋਂ, ਸ੍ਰੀਮਾਨ ਸੰਤ ਗਿਆਨੀ ਮੋਹਨ ਸਿੰਘ ਜੀ ਮੁਖੀ ਸੰਪਰਦਾਇ ਭਿੰਡਰਾਂ ਜੀ ਦੀ ਪ੍ਰੇਰਨਾ ਸਦਕਾ, ਅਤੇ ਸਮੂਹ ਵਿਦਿਆਰਥੀ ਦਮਦਮੀ ਟਕਸਾਲ, ਸਮੂਹ ਸੰਗਤਾਂ ਦੇ ਸਹਿਯੋਗ ਨਾਲ। ਇਸ ਮੌਕੇ ਹਾਜ਼ਰ ਗਿਆਨੀ ਜੱਸਾ ਸਿੰਘ ਕੁੰਡਲ, ਬਾਬਾ ਸਾਧੂ ਸਿੰਘ ਲੰਗੇਆਣਾ ਪੁਰਾਣਾ, ਬਾਬਾ ਗੁਰਦਿਆਲ ਸਿੰਘ ਲੰਗੇਆਣਾ ਪੁਰਾਣਾ, ਗਿਆਨੀ ਕਰਮਵੀਰ ਸਿੰਘ, ਗਿਆਨੀ ਹਰਭਜਨ ਸਿੰਘ ਜੀ ਢੁੱਡੀਕੇ, ਹਰਮਨਪ੍ਰੀਤ ਸਿੰਘ , ਬਾਬਾ ਬੂਟਾ ਸਿੰਘ ਜੀ ਰੋਡੇ, ਗਿਆਨੀ ਸਤਨਾਮ ਸਿੰਘ ਜੀ ਹਾਸਪੁਰ, ਗਿਆਨੀ ਹਰਪ੍ਰੀਤ ਸਿੰਘ, ਬਾਬਾ ਸਰਬਜੀਤ ਸਿੰਘ, ਅਵਤਾਰ ਸਿੰਘ ਰੋਡੇ, ਸੰਤ ਗਿਆਨੀ ਅੰਮ੍ਰਿਤ ਸੰਚਾਰ ਜੱਥਾ, ਅਤੇ ਸਮੂਹ ਦਮਦਮੀ ਟਕਸਾਲ ਦੇ ਵਿਦਿਆਰਥੀ।





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਰਵਾਇਤੀ ਪਾਰਟੀਆਂ ਨੇ ਹਮੇਸ਼ਾਂ ਭਾਈ ਭਤੀਜਵਾਦ ਪਾਲਿਆ ਅਤੇ ਪਾਣੀ ਦੇ ਮੁੱਦਿਆਂ 'ਤੇ

# ਆਪਣੀ ਦੋਗਲੀ ਨੀਤੀ ਨਾਲ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕੀਤਾ : ਅਮਨ ਅਰੋੜਾ

ਚੌਕ ਮਹਿਤਾ, 7 ਅਗਸਤ, ( ਬਾਬਾ ਸੁਖਵੰਤ ਸਿੰਘ ਚੰਨਣਕੇ) -ਵਿਧਾਨ ਸਭਾ ਹਲਕਾ ਮਜੀਠਾ ਦੇ ਇਤਿਹਾਸਿਕ ਪਿੰਡ ਕੱਥੂਨੰਗਲ ਵਿਖੇ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ਼ ਸ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ ਦੀ ਰਹਿਨੁਮਾਈ ਹੇਠ ਇਕ ਵਿਸਾਲ ਰੈਲੀ ਕੀਤੀ ਗਈ ਜਿਸ ਵਿਚ ਹਲਕਾ ਮਜੀਠਾ ਤੋ ਅਕਾਲੀ ਦਲ ਤੇ ਕਾਂਗਰਸ ਦੀਆ ਪੰਚਾਇਤਾਂ ਸਮੇਤ ਸਰਪੰਚ, ਸਾਬਕਾ ਸਰਪੰਚਾਂ ਤੇ ਮੋਹਤਬਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਕੇ ਆਪਣੀ ਨਵੀ ਸਿਆਸੀ ਸਫਰ ਸੁਰੂ ਕੀਤਾ। ਰੈਲੀ ਦੌਰਾਨ ਭਰਵੇ ਇਕੱਠ ਨੂੰ ਸਬੰਧੋਨ ਕਰਦਿਆ ਪ੍ਰਧਾਨ ਅਮਨ ਅਰੋੜਾ ਨੇ ਵਿਰੋਧੀ ਸਿਆਸੀ ਪਾਰਟੀਆਂ ਨੂੰ ਰਗੜੇ ਲਾਉਦਿਆਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਹਮੇਸਾਂ ਭਾਈ ਭਤੀਜਵਾਦ ਪਾਲਿਆ ਅਤੇ ਪਾਣੀ ਦੇ ਮੁੱਦਿਆਂ ਤੇ ਆਪਣੀ ਦੋਗਲੀ ਨੀਤੀ ਨਾਲ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕੀਤਾ। ਉਨਾ ਕਿਹਾ ਕਿ ਹਰਿਆਣਾ ਅਤੇ ਰਾਜਸਥਾਨ ਨੂੰ ਪੰਜਾਬ ਚ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨੇ ਚੁੱਪ ਚਪੀਤੇ ਸਮਝੌਤੇ ਕਰਕੇ ਨਹਿਰੀ ਪਾਣੀ ਦਿੱਤਾ ਅਤੇ ਪੰਜਾਬ ਦਾ ਪਾਣੀ ਦੂਸਰੇ ਸੂਬਿਆਂ ਨੂੰ ਦੇ ਕੇ ਸੂਬੇ ਦੀ ਕਿਸਾਨੀ ਨਾਲ ਧੋਖਾ ਕੀਤਾ। ਪ੍ਰਧਾਨ ਅਰੋੜਾ ਨੇ ਖੁਸੀ ਜਾਹਿਰ ਕਰਦਿਆ ਕਿਹਾ ਅੱਜ ਕਰੀਬ 75 ਪ੍ਰਤੀਸਤ ਨਹਿਰੀ ਪਾਣੀ ਖੇਤਾਂ ਤੱਕ ਪਹੁੰਚ ਗਿਆ ਹੈ ਅਤੇ ਆਉਣ ਵਾਲੇ ਸਮੇ ਚ ਇਹ 95 ਪ੍ਰਤੀਸਤ ਹੋ ਜਾਵੇਗਾ ਜਿਸ ਨਾਲ ਕਿਸਾਨੀ ਖੁਸਹਾਲ ਹੋ ਜਾਵੇਗੀ। ਉਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਸਲਾਘਾ ਕਰਦਿਆ ਕਿਹਾ ਕਿ ਥੋੜੇ ਸਮੇ ਵਿਚ 55 ਹਜਾਰ ਨੋਕਰੀਆਂ ਮੈਰਿਟ ਦੇ ਅਧਾਰ ਤੇ ਨੌਜਵਾਨਾਂ ਨੂੰ ਦੇ ਕੇ ਨਵਾ ਇਤਿਹਾਸ ਸਿਰਜਿਆ ਹੈ। ਉਨਾਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋ ਕੀਤੀ ਜਾ ਰਹੀ ਸਖਤ ਮਿਹਨਤ ਦੀ ਸਲਾਘਾ ਕਰਦਿਆ ਕਿਹਾ ਤੁਸੀ ਇਸ ਹਲਕੇ ਦੇ ਨਹੀ ਮਾਝੇ ਦੇ ਲੋਕਾਂ ਦੇ ਦਿਲਾ ਵਿਚ ਰਾਜ ਕਰਨ ਵਾਲੇ ਜਰਨੈਲ ਹੋ ਜਿਸ ਦੀ ਹਰਮਨ ਪਿਆਰਤਾ ਇਸ ਠਾਠਾ ਮਾਰਦੇ ਇਕੱਠ ਤੋ ਮਿਲਦੀ ਹੈ। ।ਉਨਾਂ ਤਲਬੀਰ ਗਿੱਲ ਦੀ ਹਲਕਾ ਮਜੀਠਾ ਤੋ ਮੁੜ ਸਿਆਸੀ ਸਫਰ ਦਾ ਜਿਕਰ ਕਰਦਿਆ ਕਿਹਾ ਕਿ ਹਲਕਾ ਇੰਚਾਰਜ ਲੱਗਣ ਉਪਰੰਤ ਜਿਸ ਸਰਗਰਮੀ ਨਾਲ ਉਨਾਂ ਸੁਰੂਆਤ ਕੀਤੀ ਉਸ ਨਾਲ ਅਕਾਲੀ ਦਲ ਅਤੇ ਕਾਂਗਰਸ ਦੇ ਸਰਪੰਚ ਅਤੇ ਸਾਬਕਾ ਸਰਪੰਚ ਆਪ ਚ ਸਾਮਲ ਹੋ ਗਏ ਜਿਸ ਤੋ ਉਨਾਂ ਦੀ ਕੰਮ ਕਰਵਾਉਣ ਦੀ ਕਾਰਜਸੈਲੀ ਅਤੇ ਜਮੀਨੀ ਪੱਧਰ ਤੇ ਲੋਕਾਂ ਨਾਲ ਵਿਚਰਨ ਦੀ ਕਲਾ ਦਾ ਪਤਾ ਲੱਗਦਾ ਹੈ। ਇਸ ਮੌਕੇ ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਆਪ ਚ ਸਾਮਲ ਹੋਣ ਵਾਲਿਆ ਵਿਚ ਸਰਪੰਚ ਜਤਿੰਦਰ ਸਿੰਘ ਤਲਵੰਡੀ ਦੌਸੰਧਾ ਸਿੰਘ, ਸਰਪੰਚ ਕੁਲਵੰਤ ਕੌਰ ਦੁਧਾਲਾ, ਸਰਪੰਚ ਹਰਜਿੰਦਰ ਸਿੰਘ ਰੂਪੋਵਾਲੀ ਖੁਰਦ, ਸਾਬਕਾ ਸਰਪੰਚ ਪ੍ਰੇਮ ਸਿੰਘ ਸੋਨੀ ਕੱਥੂਨੰਗਲ, ਸਰਪੰਚ ਸਵਿੰਦਰ ਸਿੰਘ ਸਿੰਦਾ ਚਾਟੀਵਿੰਡ, ਸਰਪੰਚ ਰਵਿੰਦਰਪਾਲ ਸਿੰਘ ਗਿੱਲ ਹਦਾਇਤਪੁਰਾ , ਸਰਪੰਚ ਅਮਨਦੀਪ ਸਿੰਘ ਕੋਟਲਾ ਖੁਰਦ, , ਸਰਪੰਚ ਜਸਪਾਲ ਪਤਾਲਪੁਰੀ, ਸਰਪੰਚ ਜਸਪਾਲ ਸਿੰਘ ਬੱਠੂਚੱਕ, ਸਰਪੰਚ ਗੁਰਨੂਪ ਸਿੰਘ ਪੰਧੇਰ ਖੁਰਦ, ਸਰਪੰਚ ਨੱਥਾ ਸਿੰਘ ਪੰਨਵਾ, ਸਰਪੰਚ ਰਜਵਿੰਦਰ ਕੌਰ ਸਹਿਣੇਵਾਲੀ, ਸਰਪੰਚ ਧਰਮ ਸਿੰਘ ਬੁਰਜ ਨੋ ਬਾਦ, ਸਰਪੰਚ ਸੁਖਵਿੰਦਰ ਕੌਰ ਕਲੇਰ ਮਾਂਗਟ, ਸਰਪੰਚ ਬੀਬੀ ਅਮਨਦੀਪ ਕੋਰ, ਸਰਪੰਚ ਹਰਭਜਨ ਸਿੰਘ ਸਰਹਾਲਾ, ਸਰਪੰਚ ਬੀਬੀ ਮਨਜੀਤ ਕੋਰ ਝੰਡੇ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਸਰਪੰਚ ਲਖਵਿੰਦਰ ਸਿੰਘ ਮਰੜੀ ਖੁਰਦ, ਸਰਪੰਚ ਸੁਖਦੇਵ ਸਿੰਘ ਪੰਧੇਰ ਕਲਾ, ਸਰਪੰਚ ਨਿਰਮਲਾ ਗਾਲੋਵਾਲੀ ਕਲੋਨੀ, ਸਰਪੰਚ ਗੁਰਪ੍ਰੀਤ ਸਿੰਘ ਮੰਨਾ ਮਹੱਦੀਪੁਰ, ਸਰਪੰਚ ਮਨਜੀਤ ਸਿੰਘ ਬੁੱਢਾਥੇਹ, ਸਰਪੰਚ ਬਲਰਾਜ ਸਿੰਘ ਸਰਾਂ, ਸਰਪੰਚ ਸਮਸੇਰ ਸਿੰਘ ਗੌਸਲ ਨਹਿਰਾ ਵਾਲਾ, ਸਾਬਕਾ ਸਰਪੰਚ ਜਗਵੰਤ ਸਿੰਘ ਦੁਧਾਲਾ, ਸਾਬਕਾ ਸਰਪੰਚ ਗੁਰਜੰਟ ਸਿੰਘ ਉੱਦੋਕੇ ਖੁਰਦ, ਸਾਬਕਾ ਸਰਪੰਚ ਇੰਦਰ ਸਿੰਘ ਉਦੋਕੇ ਕਲਾ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਸਰਵਣ ਸਿੰਘ ਧੁੰਨ, ਮੇਅਰ ਜਤਿੰਦਰ ਸਿੰਘ ਭਾਟੀਆ, ਕਰਮਜੀਤ ਸਿੰਘ ਰਿੰਟੂ ਚੇਅਰਮੈਨ ਇੰਪਰੂਵਮੈਟ ਟਰੱਸਟ, ਚੇਅਰਮੈਨ ਗੁਰਪ੍ਰਤਾਪ ਸਿੰਘ, ਦਿਲਬਾਗ ਸਿੰਘ ਵਡਾਲੀ ,




ਕੱਥੂਨੰਗਲ ਰੈਲੀ ਚ ਹਲਕਾ ਮਜੀਠਾ ਚ ਵੱਡੀ ਗਿਣਤੀ ਚ ਸਰਪੰਚਾਂ-ਮੋਹਤਬਰਾਂ ਨੇ ਆਪ ਦਾ ਫੜਿਆ ਪੱਲਾ

ਸਿੱਖਿਆ ਕੋਆਰਡੀਨੇਟਰ ਸਰਪੰਚ ਪਰਮਿੰਦਰ ਸਿੰਘ ਉੱਪਲ,ਸਰਪੰਚ ਰਾਜ ਕੁਮਾਰ ਲੁੱਧੜ,ਸਰਪੰਚ ਚੰਨਪ੍ਰੀਤ ਸਿੰਘ ਅਜਾਇਬਵਾਲੀ, ਸਰਪੰਚ ਸੁਬੇਗ ਸਿੰਘ ਅਬਦਾਲ,ਸਰਪੰਚ ਰਵਿੰਦਰਪਾਲ ਸਿੰਘ ਹਦਾਇਤਪੁਰ,ਸਾਬਕਾ ਸਰਪੰਚ ਪ੍ਰੇਮ ਸਿੰਘ ਕੱਥੂਨੰਗਲ, ਸ਼ਿਵਰਾਜ ਭੀਲੋਵਾਲ,ਸਾਬਕਾ ਸਰਪੰਚ ਰਵਿੰਦਰ ਸਿੰਘ ਚਾਟੀਵਿੰਡ ਲੇਹਲ ,ਸੀਨੀਅਰ ਆਗੂ ਮਨਪ੍ਰੀਤ ਸਿੰਘ ਵਰਿਆਮ ਨੰਗਲ,ਸਵਰਨਜੀਤ ਸਿੰਘ ਚਵਿੰਡਾ ਦੇਵੀ,ਕਿਰਪਾਲ ਸਿੰਘ ਸੰਗਠਨ ਇੰਚਾਰਜ, ਸਰਪੰਚ ਲਵਪ੍ਰੀਤ ਸਿੰਘ ਕੋਟ ਹਿਰਦੇਰਾਮ,ਸਰਪੰਚ ਲਵਪ੍ਰੀਤ, ਸਰਬਜੀਤ ਸਿੰਘ ਹਾਂਸ, ਮਨਦੀਪ ਸਿੰਘ ,ਬਲਜੀਤ ਸਿੰਘ ਜਿਜੇਆਣੀ, ਹਰਭਿੰਦਰ ਸਿੰਘ ਭਿੰਦਾ ,ਪ੍ਰਧਾਨ ਸੁਖਚੈਨ ਸਿੰਘ ਤਲਵੰਡੀ ਖੁੰਮਣ, ਹਰਭਿੰਦਰ ਸਿੰਘ ਵਰਿਆਮ ਨੰਗਲ, ਮਲਕੀਤ ਸਿੰਘ ਵਰਿਆਮ ਨੰਗਲ,ਬਲਾਕ ਪ੍ਰਧਾਨ ਮਨਜਿੰਦਰ ਸਿੰਘ ਮਾਗਾਸਰਾਏ,ਡਾ ਪਾਲ ਕੱਥੂਨੰਗਲ ਸਮੇਤ ਵੱਡੀ ਗਿਣਤੀ ਚ ਆਪ ਵਰਕਰ ਸਾਮਲ ਸਨ।

ਯੂਕੇ ਦੀ ਚੈਰਿਟੀ ਕਮਿਸ਼ਨ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ

## ਦਖਲਅੰਦਾਜ਼ੀ ਤੋਂ ਖਿੱਚਿਆ ਹੱਥ, ਗੁਰਦੁਆਰਿਆਂ ਵਿੱਚ "ਖਾਲਿਸਤਾਨ" ਦੀਆਂ ਤਖ਼ਤੀਆਂ ਪ੍ਰਦਰਸ਼ਿਤ ਕਰਨ ਦਾ ਮਿਲਿਆ ਹੱਕ

ਨਵੀਂ ਦਿੱਲੀ 7 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਬੀਤੇ 5 ਸਾਲਾਂ ਤੋਂ ਵੱਧ ਸਮੇਂ ਬਾਅਦ ਚੈਰਿਟੀ ਕਮਿਸ਼ਨ ਨੇ ਆਖਰਕਾਰ ਖਾਲਿਸਤਾਨ ਦੀਆਂ ਤਖ਼ਤੀਆਂ ਦੀ "ਧਾਰਮਿਕ" ਅਤੇ "ਅਧਿਆਤਮਿਕ" ਮਹੱਤਤਾ ਨੂੰ ਸਵੀਕਾਰ ਕਰ ਲਿਆ ਹੈ ਅਤੇ ਸਪੱਸ਼ਟ ਕਰ ਦਿੱਤਾ ਹੈ ਕਿ ਓਹ "ਧਾਰਮਿਕ ਮੁੱਦਿਆਂ ਵਿੱਚ ਦਖਲਅੰਦਾਜ਼ੀ" ਨਹੀਂ ਕਰਨਾ ਚਾਹੁੰਦਾ। ਇਸ ਨਾਲ ਯੂਕੇ ਦੇ ਸਾਰੇ ਗੁਰਦੁਆਰੇ ਹੁਣ ਪ੍ਰਮੁੱਖਤਾ ਨਾਲ ਖਾਲਿਸਤਾਨ ਦੀਆਂ ਤਖ਼ਤੀਆਂ ਪ੍ਰਦਰਸ਼ਿਤ ਕਰ ਸਕਦੇ ਹਨ। ਸਿੱਖ ਫੈਡਰੇਸ਼ਨ ਯੂਕੇ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਗਿੱਲ ਨੇ ਦਸਿਆ ਕਿ ਅਸੀਂ ਚੈਰਿਟੀ ਕਮਿਸ਼ਨ ਨੂੰ ਸਬੂਤ ਪ੍ਰਦਾਨ ਕੀਤੇ ਹਨ ਕਿ ਬਰਮਿੰਘਮ, ਕੋਵੈਂਟਰੀ, ਡਰਬੀ, ਈਸਟ ਹੈਮ, ਗ੍ਰੇਵਸੈਂਡ, ਲੈਸਟਰ, ਸਮੈਥਵਿਕ, ਵੈਸਟ ਬ੍ਰੋਮਵਿਚ ਅਤੇ ਵਾਟਫੋਰਡ ਦੇ ਕਈ ਗੁਰਦੁਆਰੇ ਪਹਿਲਾਂ ਹੀ ਖਾਲਿਸਤਾਨ ਦੀਆਂ ਤਖ਼ਤੀਆਂ ਪ੍ਰਦਰਸ਼ਿਤ ਕਰ ਰਹੇ ਹਨ ਜਿੱਥੇ ਚੈਰਿਟੀ ਕਮਿਸ਼ਨ ਨੇ ਕੋਈ ਇਤਰਾਜ਼ ਨਹੀਂ ਉਠਾਇਆ ਸੀ। ਉਨ੍ਹਾਂ ਕਿਹਾ ਕਿ ਚੈਰਿਟੀ ਕਮਿਸ਼ਨ ਇਹ ਫ਼ੈਸਲਾ ਅਗਲੇ ਸਾਲ ਅਪ੍ਰੈਲ ਵਿੱਚ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਤੋਂ ਪਹਿਲਾਂ ਯੂਕੇ ਅਤੇ ਦੁਨੀਆ ਭਰ ਦੇ ਗੁਰਦੁਆਰਿਆਂ ਲਈ ਪ੍ਰਮੁੱਖ ਖਾਲਿਸਤਾਨ ਦੀਆਂ ਤਖ਼ਤੀਆਂ ਪ੍ਰਦਰਸ਼ਿਤ ਕਰਨ ਦਾ ਰਸਤਾ ਸਾਫ਼ ਕਰਦਾ ਹੈ। ਜਿਕਰਯੋਗ ਹੈ ਕਿ ਇੰਡੀਆ ਟੂਡੇ ਦੇ ਇੱਕ ਪੱਤਰਕਾਰ ਨੇ ਸ੍ਰੀ ਗੁਰੂ ਸਿੰਘ ਸਭਾ, ਸਲੋਹ ਦਾ ਦੌਰਾ ਕੀਤਾ ਅਤੇ ਚੈਰਿਟੀ ਕਮਿਸ਼ਨ ਕੋਲ ਸ਼ਿਕਾਇਤ ਉਠਾਈ ਕਿ ਗੁਰਦੁਆਰੇ ਵਿੱਚ ਦੋ ਵੱਡੇ ਖਾਲਿਸਤਾਨੀ ਤਖ਼ਤੀਆਂ ਪ੍ਰਦਰਸ਼ਿਤ ਕੀਤੀਆਂ ਜਾ ਰਹੀਆਂ ਹਨ ਜੋ ਪਿਛਲੇ 40 ਸਾਲਾਂ ਤੋਂ ਪ੍ਰਦਰਸ਼ਿਤ ਕੀਤੀਆਂ ਜਾ ਰਹੀਆਂ ਹਨ। ਓਸ ਤੋਂ ਬਾਅਦ ਚੈਰਿਟੀ ਕਮਿਸ਼ਨ ਇਸ ਮਾਮਲੇ ਵਿਚ ਦਾਖਿਲ ਹੋਇਆ ਸੀ ।ਸਿੱਖ ਫੈਡਰੇਸ਼ਨ (ਯੂ.ਕੇ.) ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਸ੍ਰੀ ਗੁਰੂ ਸਿੰਘ ਸਭਾ, ਸਲੋਹ ਅਤੇ ਯੂ.ਕੇ. ਦੇ ਸਾਰੇ ਗੁਰਦੁਆਰਿਆਂ ਲਈ ਇੱਕ ਸਵਾਗਤਯੋਗ ਫੈਸਲਾ ਹੈ ਜਿਸਨੂੰ ਚੈਰਿਟੀ ਕਮਿਸ਼ਨ ਦੁਆਰਾ ਬੇਲੋੜਾ ਬਾਹਰ ਕੱਢਿਆ ਗਿਆ ਸੀ ।ਉਨ੍ਹਾਂ ਦਸਿਆ ਕਿ ਇਹ ਸਿੱਟਾ ਪਿਛਲੇ ਛੇ ਮਹੀਨਿਆਂ ਵਿੱਚ ਚੈਰਿਟੀ ਕਮਿਸ਼ਨ 'ਤੇ ਭਾਈਚਾਰੇ ਦੇ ਦਬਾਅ ਦਾ ਨਤੀਜਾ ਹੈ। ਸਿੱਖ ਸੰਸਦ ਮੈਂਬਰਾਂ ਦੀ ਭੂਮਿਕਾ ਜੋ ਇਸ ਮੁੱਦੇ ਨੂੰ ਸਮਝਦੇ ਹਨ ਅਤੇ ਚੈਰਿਟੀ ਕਮਿਸ਼ਨ ਨਾਲ ਮੁਲਾਕਾਤ ਕਰਦੇ ਹਨ ਅਤੇ ਪਿਛਲੇ 6 ਮਹੀਨਿਆਂ ਵਿੱਚ ਦਬਾਅ ਬਣਾਈ ਰੱਖਦੇ ਹਨ, ਨੂੰ ਘੱਟ ਨਹੀਂ ਸਮਝਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਇਸ ਮਾਮਲੇ ਨੂੰ ਖਾਸ ਕਰਕੇ ਕੰਜ਼ਰਵੇਟਿਵਾਂ ਦੇ ਅਧੀਨ ਬਾਹਰ ਕੱਢਿਆ ਗਿਆ ਸੀ ਕਿਉਂਕਿ ਭਾਰਤ ਸਰਕਾਰ ਵੱਲੋਂ ਸਿੱਧੇ ਅਤੇ ਅਸਿੱਧੇ ਦਬਾਅ ਸੀ ।ਹਾਲਾਂਕਿ ਜਦੋਂ ਦਸੰਬਰ 2019 ਵਿੱਚ ਸ਼ਿਕਾਇਤ ਕੀਤੀ ਗਈ ਸੀ ਤਾਂ ਚੈਰਿਟੀ ਕਮਿਸ਼ਨ ਨੂੰ ਤੁਰੰਤ ਇਹ ਮੰਨ ਲੈਣਾ ਚਾਹੀਦਾ ਸੀ ਕਿ ਖਾਲਿਸਤਾਨ ਦਾ ਮੁੱਦਾ ਇੱਕ ਧਾਰਮਿਕ ਮੁੱਦਾ ਹੈ। ਪਰ ਸਾਢੇ ਪੰਜ ਸਾਲਾਂ ਤੋਂ ਵੱਧ ਸਮੇਂ ਬਾਅਦ ਇਹ ਫੈਸਲਾ ਦਰਸਾਉਂਦਾ ਹੈ ਕਿ ਚੈਰਿਟੀ ਕਮਿਸ਼ਨ ਜਾਂ ਤਾਂ ਅਯੋਗ ਹੈ ਜਾਂ ਇਸ 'ਤੇ ਮੁੱਦੇ ਨੂੰ ਖਿੱਚਣ ਲਈ ਦਬਾਅ ਪਾਇਆ ਗਿਆ ਹੈ। ਸਿੱਖ ਭਾਈਚਾਰੇ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਇਹ ਦਬਾਅ ਕਿਸਨੇ ਬਣਾਇਆ ਸੀ ।ਯੂਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰਰਾਸ਼ਟਰੀ ਦਮਨ ਬਾਰੇ ਪੇਸ਼ ਕੀਤੀ ਗਈ ਦਲੀਲ ਉਪਰ ਚੈਰਿਟੀ ਕਮਿਸ਼ਨ ਦੇ ਸੀਨੀਅਰ ਅਧਿਕਾਰੀ ਕਿਉਂ ਨਹੀਂ ਬੋਲ ਰਹੇ ਹਨ ।ਇਥੇ ਦਸਣਯੋਗ ਹੈ ਕਿ ਦਸੰਬਰ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਖੁੱਲ੍ਹ ਕੇ ਦੋ ਲੇਬਰ ਸਿੱਖ ਸੰਸਦ ਮੈਂਬਰਾਂ, ਸਲੋਹ ਵਿੱਚ ਤਨਮਨਜੀਤ ਸਿੰਘ ਢੇਸੀ ਅਤੇ ਬਰਮਿੰਘਮ ਐਜਬੈਸਟਨ ਵਿੱਚ ਪ੍ਰੀਤ ਕੌਰ ਗਿੱਲ ਦੇ ਵਿਰੁੱਧ ਮੁਹਿੰਮ ਚਲਾਈ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਸੀ।




ਦਿੱਲੀ ਕਮੇਟੀ ਨੇ ਗੁਰੂ ਤੇਗ ਬਹਾਦਰ ਜੀ ਦੇ 350 ਸ਼ਹੀਦੀ ਦਿਹਾੜੇ ਨੂੰ ਲੈ ਕੇ

# ਪੰਥਕ ਜਥੇਬੰਦੀਆਂ ਤੇ ਸੰਪਰਦਾਵਾਂ ਨਾਲ ਕੀਤੀ ਵਿਸ਼ਾਲ ਮੀਟਿੰਗ

**ਨਵੀਂ ਦਿੱਲੀ, 7 ਅਗਸਤ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਵੱਡੇ ਪੱਧਰ ਤੇ ਮਨਾਉਣ ਲਈ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ , ਕਮੇਟੀਆਂ ਨਾਲ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਸਮੂਹ ਸਤਿਕਾਰਯੋਗ ਮਹਾਂਪੁਰਖਾਂ, ਜਥੇਬੰਦੀਆਂ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਸ ਬਾਰੇ ਜਾਣਕਾਰੀ ਦਿੰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਦਿੱਲੀ ਵਿਚ ਹੋਈ ਸੀ ਜਿਥੇ ਰੋਜ਼ਾਨਾ ਸੰਗਤ ਨਤਮਸਤਕ ਹੁੰਦੀ ਹੈ ਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਦੀ ਹੈ। ਉਹਨਾਂ ਕਿਹਾ ਕਿ ਅਸੀਂ ਸ਼ਹੀਦੀ ਸ਼ਤਾਬਦੀ ਸੰਬੰਧੀ ਸਮਾਗਮ ਸ਼ੁਰੂ ਕੀਤੇ ਜਿਸ ਤਹਿਤ ਬੀਬੀਆਂ ਦੇ 350 ਸਾਲਾ ਜੱਥੇ ਨੇ ਗੁਰੂ ਕੀ ਇਲਾਹੀ ਬਾਣੀ ਦਾ ਕੀਰਤਨ ਕੀਤਾ। ਇਸੇ ਤਰੀਕੇ ਕਾਲਜਾਂ ਤੇ ਵੱਖ-ਵੱਖ ਇਲਾਕਿਆਂ ਵਿਚ ਸਮਾਗਮ ਹੋ ਰਹੇ ਹਨ ।ਉਹਨਾਂ ਦੱਸਿਆ 23 ਅਗਸਤ ਨੂੰ ਕਵੀ ਦਰਬਾਰ ਦਿੱਲੀ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ ਜਦੋਂ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 20 ਸਤੰਬਰ ਨੂੰ ਸਰਵ ਧਰਮ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਵੱਖ-ਵੱਖ ਧਰਮਾਂ ਦੇ ਧਰਮ ਗੁਰੂ ਸ਼ਾਮਲ ਹੋਣਗੇ ਜੋ ਆਪੋ ਆਪਣੇ ਧਰਮਾਂ ਵਿਚ ਦੱਸਣ ਕਿ ਕਿਵੇਂ ਗੁਰੂ ਸਾਹਿਬ ਦੀ ਸ਼ਹਾਦਤ ਹੋਈ। ਉਹਨਾਂ ਦੱਸਿਆ ਕਿ ਇਸੇ ਤਰੀਕੇ ਅਕਤੂਬਰ ਵਿਚ ਸਮਾਗਮ ਹੋਣਗੇ। ਉਹਨਾਂ ਹੋਰ ਦੱਸਿਆ ਕਿ ਨਵੰਬਰ ਮਹੀਨੇ ਦੀ ਸ਼ੁਰੂਆਤ ਵਿਚ 12 ਨਵੰਬਰ ਨੂੰ ਗੁਰੂ ਕੇ ਮਹਿਲ ਸ੍ਰੀ ਆਨੰਦਪੁਰ ਸਾਹਿਬ ਜਿਥੇ ਕਸ਼ਮੀਰੀ ਪੰਡਤਾਂ ਨੇ ਆ ਕੇ ਗੁਰੂ ਸਾਹਿਬ ਨੂੰ ਪੁਕਾਰ ਕੀਤੀ ਸੀ ਤੋਂ ਨਗਰ ਕੀਰਤਨ ਦੀ ਸ਼ੁਰੂਆਤ ਹੋਵੇਗੀ ਜੋ 13 ਨਵੰਬਰ ਨੂੰ ਦਿੱਲੀ ਪਹੁੰਚਣਾ ਹੈ ਅਤੇ 14 ਤੋਂ 18 ਨਵੰਬਰ ਤੱਕ ਅਸੀਂ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿਚ ਇਹ ਨਗਰ ਕੀਰਤਨ ਸਜਾਉਣਾ ਹੈ। ਉਹਨਾਂ ਦੱਸਿਆ ਕਿ 23 ਤੋਂ 25 ਨਵੰਬਰ ਤੱਕ ਕੀਰਤਨ ਦਰਬਾਰ ਲਾਲ ਕਿਲ੍ਹੇ 'ਤੇ ਮਨਾਏ ਜਾਣਗੇ ਜਿਸ ਵਿਚ ਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਦੇ ਨਾਲ-ਨਾਲ ਦੇਸ਼ ਵਿਦੇਸ਼ ਤੋਂ 50 ਹਜ਼ਾਰ ਦੇ ਕਰੀਬ ਸ਼ਰਧਾਲੂ ਸ਼ਾਮਲ ਹੋਣਗੇ ਜਿਹਨਾਂ ਦੇ ਰਹਿਣ ਸਹਿਣ ਦਾ ਪ੍ਰਬੰਧ ਦਿੱਲੀ ਸਰਕਾਰ ਵੱਲੋਂ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਦਿੱਲੀ ਸਰਕਾਰ ਵੱਲੋਂ ਇਸ ਮਾਮਲੇ ਵਿਚ ਵਿਸ਼ੇਸ਼ ਸਹਿਯੋਗ ਦੀ ਹਾਮੀ ਭਰੀ ਗਈ ਹੈ। ਉਹਨਾਂ ਦੱਸਿਆ ਕਿ ਇਕ ਟੈਂਟ ਸਿਟੀ ਵੀ ਬਣਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਲਾਈਟ ਐਂਡ ਸਾਊਂਡ ਪ੍ਰੋਗਰਾਮ ਇਕ ਹਫਤਾ ਲਗਾਤਾਰ ਚੱਲੇਗਾ ਅਤੇ ਅਸੀਂ ਲਾਲ ਕਿਲ੍ਹੇ 'ਤੇ ਲਾਈਟ ਐਂਡ ਸਾਊਂਡ ਇਕ ਮਹੀਨਾ ਚਲਾਉਣ ਦੀ ਸਰਕਾਰ ਨੂੰ ਬੇਨਤੀ ਕੀਤੀ ਹੈ। ਉਹਨਾਂ ਦੱਸਿਆ ਕਿ ਇਹਨਾਂ ਸਾਰੇ ਸਮਾਗਮਾਂ ਦੀ ਸਮਾਪਤੀ 26 ਤਰੀਕ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਪ੍ਰੋਗਰਾਮ ਨਾਲ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜਦੋਂ 1999 ਵਿਚ ਖਾਲਸਾ ਸਾਜਨਾ ਦਿਵਸ ਮਨਾਇਆ ਤਾਂ ਸਾਰੀ ਕੌਮ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ, 550 ਸਾਲਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਰੀ ਕੌਮ ਨੇ ਸੁਲਤਾਨਪੁਰ ਲੋਧੀ ਵਿਚ ਮਨਾਇਆ। ਇਸੇ ਤਰੀਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਪਟਨਾ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਤਾਬਦੀ ਅਸੀਂ ਤਖ਼ਤ ਸ੍ਰੀ ਨਾਂਦੇੜ ਸਾਹਿਬ ਵਿਖੇ ਮਨਾਈ। ਉਹਨਾਂ ਕਿਹਾ ਕਿ ਪੰਥ ਦੀ ਰਵਾਇਤ ਰਹੀ ਹੈ ਕਿ ਸਾਰੀਆਂ ਪੰਥਕ ਜਥੇਬੰਦੀਆਂ ਨੇ ਹਮੇਸ਼ਾ ਮਿਲ ਕੇ ਆਪਣੇ ਦਿਵਸ ਮਨਾਏ ਹਨ। ਉਹਨਾਂ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਹੀਦੀ ਦਿਹਾੜੇ ਦੇ ਨਾਲ-ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਗੁਰਤਾਗੱਦੀ ਦੀ ਵੀ ਸ਼ਤਾਬਦੀ ਹੈ। ਉਹਨਾਂ ਦੱਸਿਆ ਕਿ ਉਹਨਾਂ ਨੇ ਜਦੋਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖਿਆ ਤਾਂ ਉਹਨਾਂ ਵੱਲੋਂ ਤੁਰੰਤ ਸਹਿਯੋਗ ਦੀ ਪੇਸ਼ਕਸ਼ ਕੀਤੀ ਗਈ ਤੇ ਇਹ ਭਰੋਸਾ ਦੁਆਇਆ ਗਿਆ ਕਿ ਸ਼੍ਰੋਮਣੀ ਕਮੇਟੀ ਅਜਿਹੇ ਕਿਸੇ ਦਿਨ ਸਮਾਗਮ ਨਹੀਂ ਕਰੇਗੀ ਜਿਸ ਦਿਨ ਕਿਸੇ ਕਿਸਮ ਦਾ ਟਕਰਾਅ ਪੈਦਾ ਹੁੰਦਾ ਹੋਵੇ ਅਤੇ ਸਾਰੀ ਕੌਮ ਰਲ ਮਿਲ ਕੇ ਇਹ ਸ਼ਤਾਬਦੀਆਂ ਮਨਾਉਣਗੀਆਂ। ਉਹਨਾਂ ਕਿਹਾ ਕਿ ਇਹ ਕੌਮ ਵਾਸਤੇ ਵੱਡੇ ਦਿਹਾੜੇ ਹਨ ਜਿਹਨਾਂ ਦੀ ਬਹੁਤ ਮਹਾਨਤਾ ਹੈ ਤੇ ਉਹਨਾਂ ਨੂੰ ਖੁਸ਼ੀ ਹੈ ਕਿ ਸਾਰੀ ਕੌਮ ਰਲ ਮਿਲ ਕੇ ਦਿਹਾੜੇ ਮਨਾਵੇਗੀ। ਇਸ ਮੀਟਿੰਗ ਵਿੱਚ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਮੁਖੀ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ, ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀ ਸਾਹਿਬ ਵਾਲੇ, ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਛਿੰਦਾ ਸਿੰਘ ਭਿੱਖੀਵਿੰਡੀਏ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਮੇਜਰ ਸਿੰਘ ਤਰਨਾ ਦਲ, ਬਾਬਾ ਖੜਕ ਸਿੰਘ ਲੁਧਿਆਣੇ ਵਾਲੇ, ਬਾਬਾ ਹਰਜਿੰਦਰ ਸਿੰਘ ਮੁਕਤਸਰ ਸਾਹਿਬ, ਬਾਬਾ ਸੁਖ਼ਪਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਬਲਦੇਵ ਸਿੰਘ ਮੁਸਤਾਪੁਰ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਸੁੱਖਾ ਸਿੰਘ ਕਾਰ ਸੇਵਾ ਭੂਰੀ ਸਾਹਿਬ, ਬਾਬਾ ਵੱਸਣ ਸਿੰਘ ਮੜ੍ਹੀਆਂ ਵਾਲੇ, ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਧਰਮ ਪ੍ਰਚਾਰ ਚੇਅਰਮੈਨ ਸ. ਜਸਪ੍ਰੀਤ ਸਿੰਘ ਕਰਮਸਰ, ਮੈਂਬਰ ਸ. ਭੁਪਿੰਦਰ ਸਿੰਘ ਭੁੱਲਰ , ਸ. ਸੁਖਵਿੰਦਰ ਸਿੰਘ ਬੱਬਰ, ਸ. ਗੁਰਮੀਤ ਸਿੰਘ ਭਾਟੀਆ, ਸ. ਇੰਦਰਪ੍ਰੀਤ ਸਿੰਘ ਮੌਂਟੀ ਕੋਛੜ, ਸ. ਪਰਵਿੰਦਰ ਸਿੰਘ ਲੱਕੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੱਤਰ ਸ. ਪ੍ਰਤਾਪ ਸਿੰਘ, ਸਕੱਤਰ ਸ. ਵਿਜੇ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ ਅਤੇ ਹੋਰ ਸ਼ਖ਼ਸੀਅਤਾਂ ਨੇ ਹਾਜ਼ਰੀਆਂ ਭਰ ਕੇ ਆਪਣੇ ਕੀਮਤੀ ਸੁਝਾਅ ਦਿੱਤੇ।



## ਡੀ.ਸੀ ਦਫਤਰ ਮੂਹਰੇ 11 ਅਗਸਤ ਨੂੰ ਫੂਕਿਆ ਜਾਵੇਗਾ ਮੁੱਖ ਮੰਤਰੀ ਤੇ ਵਿੱਤ ਮੰਤਰੀ : ਪੈਨਸ਼ਨਰਜ਼

ਸਰਕਾਰ ਬਿਨ੍ਹਾਂ ਦੇਰੀ ਜਾਰੀ ਕਰੇ 13 ਫੀਸਦੀ ਡੀ .ਏ



ਫ਼ਿਰੋਜ਼ਪੁਰ, 7 ਅਗਸਤ (ਮਨੋਹਰ ਲਾਲ) :— ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਪ੍ਰਧਾਨ ਬਲਵੰਤ ਸਿੰਘ ਸੰਧੂ ਅਤੇ ਵਿੱਤ ਸਕੱਤਰ ਮਲਕੀਅਤ ਚੰਦ ਪਾਸੀ ਦੀ ਪ੍ਰਧਾਨਗੀ ਹੇਠ ਕਾਮਰੇਡ ਜਰਨੈਲ ਸਿੰਘ ਭਵਨ ਵਿਚ ਕੀਤੀ ਗਈ। ਮੀਟਿੰਗ ਦੌਰਾਨ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਹੱਕੀ ਅਤੇ ਜਾਇਜ ਲਟਕਦੀਆਂ ਆ ਰਹੀਆਂ ਮੰਗਾਂ ਬਾਰੇ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸੂਬਾ ਕਮੇਟੀ ਮੁਲਾਜ਼ਮ, ਪੈਨਸ਼ਨਰ ਸਾਂਝੇ ਫਰੰਟ ਅਨੁਸਾਰ 11 ਅਗਸਤ ਨੂੰ ਡੀ.ਸੀ ਦਫਤਰ ਅੱਗੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦਾ ਪੂਤਲਾ ਫੂਕਿਆ ਜਾਵੇਗਾ। ਪੈਨਸ਼ਨਰ ਆਗੂਆਂ ਓਮ ਪ੍ਰਕਾਸ਼, ਬਲਬੀਰ ਸਿੰਘ ਸੰਧੂ, ਸੁਰਜੀਤ ਸਿੰਘ, ਕੰਵਰਜੀਤ ਸ਼ਰਮਾ, ਪਰਵੇਜ਼ ਸਿਡਾਨਾ, ਮੁਖਤਿਆਰ ਸਿੰਘ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਅਤੇ ਗਵਾਂਢੀ ਰਾਜ ਆਪਣੇ ਮੁਲਾਜ਼ਮਾਂ, ਪੈਨਸ਼ਨਰਾਂ ਨੂੰ 55 ਫੀਸਦੀ ਡੀ.ਏ ਦੇ ਰਹੇ ਹਨ, ਪਰ ਪੰਜਾਬ ਦੀ ਸਰਕਾਰ 42 ਫੀਸਦੀ ਡੀ.ਏ ਦੇ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ 01—7—23 ਤੋਂ 4ਫੀਸਦੀ, 01—01—24 ਤੋਂ 4 ਫੀਸਦੀ, 01—7—24 ਤੋਂ 3 ਫੀਸਦੀ ਅਤੇ 1—1—25 ਤੋਂ 2 ਪ੍ਰਤੀਸ਼ਤ ਅਤੇ 13 ਫੀਸਦੀ ਡੀ.ਏ ਦੀਆਂ ਕਿਸ਼ਤਾਂ ਅਤੇ ਡੀ.ਏ ਦਾ ਬਕਾਇਆ ਜਾਰੀ ਕੀਤਾ ਜਾਵੇ। ਇਸ ਮੌਕੇ ਬੋਲਦਿਆਂ ਹਰਨਾਮ ਸਿੰਘ ਅਤੇ ਸੰਤ ਰਾਮ ਨੇ ਕਾਨੂੰਨ ਵਿਵਸਥਾ ਤੇ ਗੱਲ ਕੀਤੀ ਕਿ ਫ਼ਿਰੋਜ਼ਪੁਰ ਸ਼ਹਿਰ ਵਿਚ ਰੋਜਾਨਾ ਗੋਲੀ ਚੱਲਣ ਦੀਆਂ ਘਟਨਾਵਾਂ, ਲੁੱਟਾਂ—ਖੋਹਾਂ, ਚੋਰੀਆਂ ਤੇ ਠੱਲ ਪਾਈ ਜਾਵੇ। ਉਨ੍ਹਾਂ ਕਿਹਾ ਕਿ ਡੀਵੈਲਪਮੈਂਟ ਦੇ ਨਾਂਮ ਤੇ ਸਰਕਾਰ ਕਰੋੜਾਂ ਰੁਪਿਆ ਇਕੱਠਾ ਕਰ ਰਹੀ ਹੈ, ਪਰ ਸ਼ਹਿਰ ਦੀਆਂ ਸੜਕਾਂ ਦਾ ਬਹੁਤ ਮਾੜਾ ਹਾਲ ਹੈ, ਥਾਂ—ਥਾਂ ਤੇ ਟੋਏ ਪਏ ਹੋਏ ਹਨ, ਸੁਧਾਰ ਕੀਤਾ ਜਾਵੇ। ਇਸ ਮੌਕੇ ਪ੍ਰੀਤਮ ਸਿੰਘ, ਗੁਰਚਰਨ ਸਿੰਘ, ਬਲਦੇਵ ਰਾਜ, ਬਲਦੇਵ ਸਿੰਘ, ਸੁਰਿੰਦਰ ਮੌਂਗਾ, ਬਹਾਦਰ ਸਿੰਘ, ਪਰਮ ਬਹਿਲ, ਸਤੀਸ਼ ਠਾਕੁਰ, ਨਿਰਮਲ ਸਿੰਘ, ਪਵਨ ਕੁਮਾਰ, ਮੁਹਿੰਦਰ ਸਿੰਘ, ਵਿਜੈ ਕੌੜਾ ਹਾਜ਼ਰ ਸਨ ਅਤੇ ਸਮੂਹ ਮੁਲਾਜ਼ਮਾਂ ਨੇ ਲੈਂਡ ਪੋਲਿੰਗ ਪਾਲਿਸੀ ਦੀ ਵੀ ਨਿਖੇਧੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦਮਦਮੀ ਟਕਸਾਲ ਦੇ 319ਵੇਂ ਸਥਾਪਨਾ ਦਿਵਸ ਨੂੰ ਸਮਰਪਿਤ

# ਮਹਾਨ ਗੁਰਮਤਿ ਸਮਾਗਮ









**ਫ਼ਿਰੋਜ਼ਪੁਰ, 7 ਅਗਸਤ (ਮਨੋਹਰ ਲਾਲ) :—** ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦਮਦਮੀ ਟਕਸਾਲ ਦੇ 319ਵੇਂ ਸਥਾਪਨਾ ਦਿਵਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੂਰਨਤਾ ਦਿਵਸ ਅਤੇ ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਅਤੇ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ 350 ਸਾਲਾ ਗੁਰਤਾ ਗੱਦੀ ਦਿਵਸ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਮੁਖੀ ਦਮਦਮੀ ਟਕਸਾਲ ਨੇ ਕਥਾ ਕੀਤੀ ਅਤੇ ਵਿਸਥਾਰ ਪੂਰਵਕ ਧੰਨ—ਧੰਨ ਬਾਬਾ ਦੀਪ ਸਿੰਘ ਜੀ ਅਤੇ ਧੰਨ—ਧੰਨ ਬਾਬਾ ਮਨੀ ਸਿੰਘ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਕਿਹਾ ਕਿ ਧੰਨ—ਧੰਨ ਬਾਬਾ ਦੀਪ ਸਿੰਘ ਜੀ ਮਹਾਰਾਜ ਜੋ ਕਿ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ ਅਤੇ ਉਹ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਮੇਸ਼ਾ ਨਾਲ ਰਹਿੰਦੇ ਸਨ। ਮਹਾਂਪੁਰਖਾਂ ਨੇ ਅੱਗੇ ਕਿਹਾ ਕਿ ਪ੍ਰਮੇਸ਼ਵਰ ਨੂੰ ਭੁਲਾਉਣ ਨਾਲ ਹੋਮੇ ਰੋਗ ਲੱਗ ਜਾਂਦਾ ਹੈ, ਜਿਹੜਾ ਮਨੁੱਖ ਮਨਮੁੱਖ ਹੈ, ਉਸ ਵਿਸ਼ਿਆ ਦਾ ਰੰਗ ਚੜਿਆ ਹੁੰਦਾ ਹੈ, ਉਹ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਜਿਹੜਾ ਗੁਰੂ ਕਾ ਪਿਆਰਾ ਪ੍ਰਮੇਸ਼ਵਰ ਨਾਲ ਜੁੜਿਆ ਹੁੰਦਾ ਹੈ, ਉਸ ਨੂੰ ਦੁਨਿਆਵੀਂ ਪਦਾਰਥਾਂ ਦੀ ਕੋਈ ਭੁੱਖ ਨਹੀਂ ਹੁੰਦੀ। ਉਹ ਤਾਂ ਸਿਰਫ ਉਨ੍ਹਾਂ ਨੂੰ ਨਾਮ ਦੀ ਭੁੱਖ ਹੁੰਦੀ ਹੈ। ਇਸ ਮੌਕੇ ਤੇ ਉਨ੍ਹਾਂ ਗਿਆਨੀ ਸੁਖਦੇਵ ਸਿੰਘ ਖਾਲਸਾ ਆਨੰਦਪੁਰ ਸਾਹਿਬ ਜੀ ਦੀ ਭਰਪੂਰ ਪ੍ਰਸੰਸਾ ਕੀਤੀ, ਜਿਹੜੇ ਕਿ ਹਰ ਸਾਲ ਇਹ ਬਹੁਤ ਵੱਡੀ ਸੇਵਾ ਨਿਭਾਉਂਦੇ ਹਨ ਅਤੇ 19ਵੀਂ ਸੇਵਾ ਨਿਭਾਈ ਹੈ। ਇਸ ਮੌਕੇ ਤੇ ਸਰਦਾਰ ਹਰਜਿੰਦਰ ਸਿੰਘ ਪਾਸੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਬੋਲਦਿਆਂ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਗੁਰੂ ਕਾਸੀ ਨੂੰ ਦੋ ਸਿੱਖ ਕੌਮ ਦੇ ਹੀਰੇ ਮਿਲੇ ਹਨ, ਜਿਨ੍ਹਾਂ ਨੇ ਇਥੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ, ਧੰਨ—ਧੰਨ ਬਾਬਾ ਦੀਪ ਸਿੰਘ ਜੀ ਮਹਾਰਾਜ, ਭਾਈ ਮਨੀ ਸਿੰਘ ਅਤੇ ਇਹ ਦਮਦਮੀ ਟਕਸਾਲ ਦੇ ਹਿੱਸੇ ਵਿਚ ਆਉਂਦਾ ਹੈ ਅਤੇ ਜੇਕਰ ਅਸੀਂ ਸ਼੍ਰੋਮਣੀ ਕਮੇਟੀ ਵਿਚ ਜੇਕਰ ਕੋਈ ਗ੍ਰੰਥੀ ਲੈਣਾ ਹੋਵੇ ਤਾਂ ਅਸੀਂ ਦਮਦਮੀ ਟਕਸਾਲ ਨੂੰ ਪਹਿਲ ਦਿੰਦੇ ਹਾਂ, ਜਿਥੋਂ ਪੜ੍ਹ ਕੇ ਵਿਦਿਆਰਥੀ ਸ਼ੁੱਧ ਸਖਿਆ ਕਰਦਾ ਹੈ। ਇਸ ਮੌਕੇ ਤੇ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ, ਇਲਾਕੇ ਭਰ ਦੀਆਂ ਸੰਗਤਾਂ ਦਾ ਕੋਟਿਨ—ਕੋਟਿ ਧੰਨਵਾਦ ਕੀਤਾ। ਇਸ ਮੌਕੇ ਤੇ ਸੰਤਾਂ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਜਿਨ੍ਹਾਂ ਵਿਚ

ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਗ੍ਰੰਥੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਗਿਆਨੀ ਮਨਦੀਪ ਸਿੰਘ ਜੀ ਸੁਰੀਦ, ਸਰਦਾਰ ਹਰਜਿੰਦਰ ਸਿੰਘ ਜੀ ਪਾਸੀ ਪ੍ਰਧਾਨ ਸ਼੍ਰੋ.ਗੁ.ਪ੍ਰ.ਕ., ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਸੰਤ ਬਾਬਾ ਬਲਵਿੰਦਰ ਸਿੰਘ ਤਰਨਾਦਲ, ਸੰਤ ਬਾਬਾ ਗੁਰਪਾਲ ਸਿੰਘ ਚੋਰਮਾਰ, ਜਗਸੀਰ ਸਿੰਘ ਮਾਂਗੇਆਣਾ ਮੈਂਬਰ ਐਸ.ਜੀ.ਪੀ.ਸੀ, ਗਿਆਨੀ ਅਮਰਜੀਤ ਸਿੰਘ ਮਰਿਆਦਾ ਦਮਦਮੀ ਟਕਸਾਲ, ਬਾਬਾ ਜੱਜ ਸਿੰਘ, ਗਿਆਨੀ ਸੁਖਜਿੰਦਰ ਸਿੰਘ ਹਰਦਿਆਲੇਆਲਾ, ਜਥੇਦਾਰ ਗੁਰਮੀਤ ਸਿੰਘ, ਗਿਆਨੀ ਨੈਬ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਕੁਲਦੀਪ ਸਿੰਘ ਰੋੜੇ, ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਸੰਤ ਬਾਬਾ ਮਲਕੀਤ ਸਿੰਘ ਜੀ ਚੱਬੋਵਾਲ ਸਾਬਕਾ ਹੈਡ ਗ੍ਰੰਥੀ ਗਿਆਨੀ ਨੈਬ ਸਿੰਘ, ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ, ਬਾਬਾ ਰਜਿੰਦਰਪਾਲ ਸਿੰਘ ਜੀ ਮਾਲੋਵਾਲ ਵਾਲੇ, ਬਾਬਾ ਸਤਨਾਮ ਸਿੰਘ ਲੰਬੜਦਾਰ ਝਾੜ ਸਾਹਿਬ, ਬਾਬਾ ਗੁਰਵਿੰਦਰ ਸਿੰਘ ਝੂਲਣੇ ਸਾਹਿਬ ਵਾਲੇ, ਬਾਬਾ ਭੋਲਾ ਸਿੰਘ ਭੈਣੀ, ਭਾਈ ਅਵਤਾਰ ਸਿੰਘ ਵਣਾਂਵਾਲੀ, ਬਾਬਾ ਹਜ਼ੂਰਾ ਸਿੰਘ ਜ਼ੋ ਸੰਧਿਆ ਕਰਵਾਉਂਦੇ), ਬਾਬਾ ਕੁਲਦੀਪ ਸਿੰਘ ਜੀ ਦਾਦੂ, ਸ਼ਹੀਦ ਭਾਈ ਤਿਰਲੋਚਨ ਸਿੰਘ ਜੀ ਬਾਰਸਕੇ ਉਨ੍ਹਾਂ ਦੇ ਭਤੀਜੇ ਭਾਈ ਦਿਲਵਾਰਾ ਸਿੰਘ, ਭਾਈ ਨਿਰਮਲ ਸਿੰਘ, ਭਾਈ ਚਮਕੌਰ ਸਿੰਘ ਪਹੁਵਿੰਡ ਜਨਮ ਅਸਥਾਨ, ਭਾਈ ਜਰਨੈਲ ਸਿੰਘ, ਬਾਬਾ ਦੀਪ ਸਿੰਘ ਜੀ, ਭਾਈ ਹਰਚੰਦ ਸਿੰਘ ਜੀ ਜਥੇਦਾਰ ਪੰਜ ਪਿਆਰੇ ਦਮਦਮੀ ਟਕਸਾਲ, ਸੰਤ ਤਰਲੋਚਨ ਸਿੰਘ ਜੀ ਹੁਸ਼ਿਆਰਪੁਰ, ਦਮਦਮੀ ਟਕਸਾਲ ਜਥੇਦਾਰ ਗਿਆਨੀ ਗੁਰਪ੍ਰੀਤ ਸਿੰਘ ਵੈਦ ਬਾਬਾ ਰਾਮ ਥੰਮਣ, ਜਥੇਦਾਰ ਮੰਗਲ ਸਿੰਘ ਠੇਠਰ ਕਲਾਂ ਦਮਦਮੀ ਟਕਸਾਲ, ਜਥੇਦਾਰ ਰਛਪਾਲ ਸਿੰਘ ਝੋਕ ਮੋਹੜੇ, ਦਮਦਮੀ ਟਕਸਾਲ ਪ੍ਰੋ: ਗੁਰਜੀਤ ਸਿੰਘ ਗੁਰੂ ਕਾਂਸ਼ੀ ਯੂਨੀਵਰਸਿਟੀ, ਸਰਦਾਰ ਆਤਮਾ ਸਿੰਘ ਪ੍ਰਧਾਨ ਟਰੱਕ ਯੂਨੀਅਨ ਬਠਿੰਡਾ, ਬਾਬਾ ਹੀਰਾ ਸਿੰਘ, ਭਾਈ ਗੁਰਮੀਤ ਸਿੰਘ ਸੁਖਚੈਨ, ਬਾਬਾ ਪ੍ਰੀਤਮ ਸਿੰਘ, ਬਾਬਾ ਬੂਟਾ ਸਿੰਘ ਮੈਂਬਰ ਐਸ.ਜੀ.ਪੀ.ਸੀ, ਸੰਤ ਬਾਬਾ ਗੁਰਮੀਤ ਸਿੰਘ ਤਰਸਿਕਾ ਮੈਂਬਰ ਐਸ.ਜੀ.ਪੀ.ਸੀ, ਭਾਈ ਅਮਰੀਕ ਸਿੰਘ ਕੋਟ ਸ਼ਮੀਰ ਮੈਂਬਰ ਐਸ.ਜੀ.ਪੀ.ਸੀ, ਭਾਈ ਮੇਜਰ ਸਿੰਘ ਢਿੱਲੋਂ ਮੈਂਬਰ ਐਸ.ਜੀ.ਪੀ.ਸੀ, ਸੰਤ ਬਾਬਾ ਮਹਿੰਦਰ ਸਿੰਘ ਮਸਤੂਆਣਾ ਸਾਹਿਬ, ਜਥੇਦਾਰ ਬਾਬਾ ਬੱਲਣ ਸਿੰਘ, ਬਾਬਾ ਮੇਜਰ ਸਿੰਘ ਜੀ ਸੋਢੀ ਤਰਨਾ ਦਲ, ਮਹੰਤ ਕੇਸ਼ਵ ਮੁਨੀ ਮਾਨਸਾ, ਸੰਤ ਬਾਬਾ ਲਾਲ ਸਿੰਘ ਧੂਰਕੋਟ, ਸੰਤ ਬਾਬਾ ਹਰਨਾਮ ਸਿੰਘ ਮਾਲਪੁਰ ਵਾਲੇ, ਬਾਬਾ ਬੂਟਾ ਸਿੰਘ, ਮੋਹਣ ਸਿੰਘ ਬੰਗੀ ਮੈਂਬਰ ਐਸ.ਜੀ.ਪੀ.ਸੀ, ਬਾਬਾ ਸੁਖਚੈਨ ਸਿੰਘ ਰਾਜਪੁਰੇ ਵਾਲੇ, ਸੰਤ ਬਾਬਾ ਸੁਖਦੇਵ ਸਿੰਘ ਸਿਧਾਣੇ ਵਾਲੇ, ਸੰਤ ਬਾਬਾ ਬੂਟਾ ਸਿੰਘ ਗੁੜਥੜੀ ਮੈਂਬਰ ਸ੍ਰੋ.ਗੁ.ਪ੍ਰ.ਕਮੇਟੀ, ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਬਾਬਾ ਪ੍ਰੀਤਮ ਸਿੰਘ ਮੱਲੜੀ ਵਾਲੇ, ਬਾਬਾ ਗੁਰਮੀਤ ਸਿੰਘ ਤਿਲੋਕੇ ਵਾਲੇ ਮੈਂਬਰ ਐਸ.ਜੀ.ਪੀ.ਸੀ, ਸੰਤ ਬਾਬਾ ਗੁਰਪਾਲ ਸਿੰਘ, ਗਿਆਨੀ ਹਰਪ੍ਰੀਤ ਸਿੰਘ ਜ਼ੋਗੇਵਾਲ, ਬਾਬਾ ਕਰਮ ਸਿੰਘ ਪੰਜੋਖਰਾ ਸਾਹਿਬ, ਬਾਬਾ ਹਰਭਜਨ ਸਿੰਘ ਪੰਜੋਖਰਾ ਸਾਹਿਬ, ਭਾਈ ਅਵਤਾਰ ਸਿੰਘ ਮਾਲੂਵਾਲ, ਅੰਸ ਬੰਸ ਬਾਬਾ ਦਲੀਪ ਸਿੰਘ ਜੀ ਚੱਕੀ ਵਾਲੇ, ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਸ੍ਰੀ ਮੁਕਤਸਰ ਸਾਹਿਬ ਤੋਂ ਰਾਜਿੰਦਰ ਸਿੰਘ, ਭਾਈ ਅਮੋਲਕ ਸਿੰਘ ਲੁਧਿਆਣਾ ਆਦਿ ਹਾਜ਼ਰ ਸਨ।

**ਅੱਜ ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਭਰੀ ਹਾਜ਼ਰੀ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪ੍ਰਾਈਵੇਟ ਸਕੂਲਾਂ ਤੇ ਬਲਡੋਜਰ ਫੇਰੋ ਸਿੱਖ ਬੱਚੇ ਬਚ ਜਾਣਗੇ—ਬੰਡਾਲਾ



ਫ਼ਿਰੋਜ਼ਪੁਰ, 7 ਅਗਸਤ (ਮਨੋਹਰ ਲਾਲ) :— ਦਮਦਮੀ ਟਕਸਾਲ ਦੇ ਬਜੁਰਗ ਨੇਤਾ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਪ੍ਰਾਈਵੇਟ ਸਕੂਲ ਬਲੈਕ ਦਾ ਧੰਦਾ ਬਣ ਚੁੱਕੇ ਹਨ, ਸਰਕਾਰ ਦੇ ਮੰਤਰੀ ਆਪਣੇ ਬਚਿਆਂ ਦੀ ਸਹੁੰ ਖਾਣ ਪ੍ਰਾਈਵੇਟ ਸਕੂਲ ਤੋਂ ਹਰ ਮਹਿਨੇ ਖੁੱਲਾ ਪੈਸਾ ਨਹੀਂ ਲੈਂਦੇ ਸਿੱਖ ਕੌਮ ਦਾ ਖੂਨ ਚੂਸਿਆ ਜਾ ਰਿਹਾ। ਜਥੇਦਾਰ ਬੰਡਾਲਾ ਨੇ ਕਿਹਾ ਕਿ ਨਰਸਰੀ ਵਿਚ ਬੱਚਾ ਹਰ ਸਾਲ 15000 ਦਾਖਲਾ 3000 ਹਜ਼ਾਰ ਫੀਸ ਕਿਤਾਬਾਂ, ਵਰਦੀਆਂ ਚੰਦਾ ਨੀਰੀ ਬਲੈਕ ਹੈ, ਮੰਤਰੀਆਂ ਨੂੰ ਮਹੀਨੇ ਮਿਲ ਰਹੇ ਕੀ ਲੋੜ ਇਹ ਸੁਧਾਰ ਕਰਨ ਦੀ ਨਰਸਰੀ ਦਾ ਬੱਚਾ ਵੀਹ ਕਿਲੋ ਭਾਰ ਬਸਤੇ ਦਾ ਚੁੱਕਦਾ। ਉਨ੍ਹਾਂ ਕਿਹਾ ਕਿ ਮੈਂ ਫਤਿਹਬਾਦ ਸਰਕਾਰੀ ਸਕੂਲ ਹਾਇਰ ਸਕੈਡਰੀ ਕੀਤੀ ਹੈ ਮੇਰਾ ਚੈਲਿੰਜ ਹੈ ਪ੍ਰਾਈਵੇਟ ਸਕੂਲ ਦਾ ਬੱਚਾ ਮੇਰੇ ਨਾਲ ਇੰਗਲਿਸ਼ ਬੋਲ ਕੇ ਵੇਖ ਲਵੇ ਸਾਡੇ ਸਬਜੈਕਟ ਸਨ ਇੰਗਲਿਸ਼, ਹਿਸਟਰੀ, ਗਣਿਤ, ਸੋਸ਼ਲ ਸਟਡੀ, ਪੰਜਾਬੀ ਤੇ ਹਿੰਦੀ ਇਹ ਆਰਟਸ ਦੇ ਮੈਡੀ ਕਲ ਕਮਿਸਟ ਤੇ ਫੀਜੀਕਲ ਸਾਇਸ ਇਹ ਚਿੱਟੇ ਦੀ ਬਲੈਕ ਨਾਲੋ ਮਾੜਾ ਧੰਦਾ ਹੈ। ਉਨ੍ਹਾਂ ਕਿਹਾ ਕਿ ਕੁਲ ਸਰਕਾਰੀ ਸਰਕਾਰ ਸਕੂਲ ਹੋਣ ਇਕ ਸਲੇਬਸ ਹੋਵੇ ਸਡੇ ਪ੍ਰਿੰਸੀਪਲ ਮਲੋਹਰਾ ਸੀ ਜੇ ਮਾਸਟਰ ਦਾ ਰੀਜਲਟ ਘੱਟ ਹੋਣਾ ਸਿਫਾਰਿਸ਼ ਕਰਕੇ ਨੌਕਰੀ ਤੋ ਖਾਰਜ ਕਰਾ ਦਿੰਦਾ ਸੀ ਸਭ ਤੋਂ ਜਿਆਦਾ ਲੁੱਟ ਹੈ ਚੀਫ ਖਾਲਸਾ ਦਿਵਾਨ ਦੇ ਸਕੂਲਾਂ ਵਿਚ ਕੌਣ ਸੁਣੇਗਾ ਲੋਕਾਂ ਦੀ ਪੁਕਾਰ ਸਾਰਿਆ ਮੰਤਰੀਆਂ ਮਰਨ ਲੱਗਿਆ ਦਸ—ਦਸ ਕਰੋੜ ਨਾਲ ਲੈ ਕੇ ਜਾਣਾ ਮੰਤਰੀਆਂ ਦੇ ਘਰਾਂ ਦੀ ਐਸ਼—ਪ੍ਰਸਤੀ ਚੈਕ ਕਰੋ ਇਹ ਪੈਸਾ ਕਿਥੋਂ ਆਉਦਾ ਇਹ ਗੁਝੀ ਬਲੈਕ ਕੋਣ ਰੋਕੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰੀ ਡਾਕਟਰ ਨਾਲ ਦੁਰਵਿਹਾਰ ਕਰਨ ਵਾਲੇ ਚੱਠੇਵਾਲਾ ਦੇ ਵਿਅਕਤੀ ਨੇ ਮੰਗੀ ਮਾਫ਼ੀ

## ਪੰਚਾਇਤ ਵੱਲੋਂ ਅੱਗੇ ਤੋਂ ਅਜਿਹੀ ਗਲਤੀ ਨਾ ਕਰਨ ਦੀ ਜਤਾਈ ਸਹਿਮਤੀ



ਤਲਵੰਡੀ ਸਾਬੋ, 07 ਅਗਸਤ (ਗੁਰਜੰਟ ਸਿੰਘ ਨਥੇਹਾ)– ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵੀਕਾਂਤ ਗੁਪਤਾ ਦੀ ਅਗਵਾਈ ਵਿੱਚ ਪਿਛਲੇ ਦਿਨੀ ਸਬ ਸੈਂਟਰ ਜੀਵਨ ਸਿੰਘ ਵਾਲਾ ਅਧੀਨ ਪਿੰਡ ਪੈਂਦੇ ਪਿੰਡ ਚੱਠੇਵਾਲਾ ਵਿਖੇ ਡਾ. ਸ਼ਿਵੰਦਰਜੀਤ ਸਿੰਘ ਕੰਗ ਨਾਲ ਜੋ ਪਿੰਡ ਦੇ ਕਿਸੇ ਵਸਨੀਕ ਵੱਲੋਂ ਦੁਰਵਿਵਹਾਰ ਕੀਤਾ ਗਿਆ ਸੀ ਉਸ ਸਬੰਧੀ ਅੱਜ ਸੀਨੀਅਰ ਮੈਡੀਕਲ ਅਫਸਰ ਡਾ. ਰਵੀ ਕਾਂਤ ਗੁਪਤਾ ਅਤੇ ਬਹੁਮਤ ਮੰਤਵੀ ਸਿਹਤ ਕਰਮਚਾਰੀ ਅਤੇ ਸਮੂਹਿਕ ਸਟਾਫ ਵੱਲੋਂ ਪਿੰਡ ਦੀ ਪੰਚਾਇਤ ਨਾਲ ਗੱਲਬਾਤ ਕੀਤੀ। ਇਸ ਦੌਰਾਨ ਪਿੰਡ ਚੱਠੇਵਾਲੇ ਦੇ ਵਿਅਕਤੀ ਤੋਂ ਲਿਖਤੀ ਮਾਫੀ ਮੰਗਵਾਈ ਗਈ ਅਤੇ ਨਾਲ ਹੀ ਭਵਿੱਖ ਵਿੱਚ ਅਜਿਹੀ ਗਲਤੀ ਕਰਨ ਤੇ ਸਾਰੀ ਪਿੰਡ ਦੀ ਪੰਚਾਇਤ ਵੱਲੋਂ ਇਹ ਸਹਿਮਤੀ ਜਤਾਈ ਗਈ ਕਿ ਜੇਕਰ ਅਜਿਹੀ ਗਲਤੀ ਕੋਈ ਵੀ ਕਰਦਾ ਹੈ ਤਾਂ ਉਸ ਦਾ ਪੰਚਾਇਤ ਵੱਲੋਂ ਸਮਰਥਨ ਨਹੀਂ ਕੀਤਾ ਜਾਵੇਗਾ। ਇਸ ਫੈਸਲੇ ਤੇ ਦੋਨੇ ਧਿਰਾਂ ਨੇ ਸਹਿਮਤੀ ਪ੍ਰਗਟਾਉਂਦੇ ਹੋਏ ਸਮਝੌਤਾ ਕੀਤਾ ਗਿਆ ਇਸ ਸਮਝੌਤੇ ਦੌਰਾਨ ਹਾਜ਼ਰ ਹੋਏ ਕੁਲਦੀਪ ਸਿੰਘ ਪ੍ਰਧਾਨ, ਜਸਕਰਨ ਸਿੰਘ ਜਨਰਲ ਸਕੱਤਰ, ਸੁਖਪਾਲ ਸਿੰਘ ਖਜਾਨਜੀ, ਹਰਪਾਲ ਸਿੰਘ ਸਰਪ੍ਰਸਤ, ਸ਼ਿਵੰਦਰਜੀਤ ਸਿੰਘ ਕੰਗ ਸੀਐੱਚਓ ਪ੍ਰਧਾਨ, ਸਿਮਰਜੀਤ ਕੌਰ, ਕਿਰਨਾ, ਚੰਦ ਸਿੰਘ, ਗੁਰਪ੍ਰੀਤ ਸਿੰਘ ਲਾਲੀ, ਜਗਸੀਰ ਸਿੰਘ, ਡਾਕਟਰ ਅੰਕਰ ਸਿੰਗਲਾ, ਐਲਐਚਵੀ ਮੈਡਮ ਬਲਵਿੰਦਰ ਕੌਰ ਅਤੇ ਸਮੂਹਿਕ ਚੱਠੇਵਾਲਾ ਤੋਂ ਮੋਹਨ ਸਿੰਘ ਕਿਸਾਨ ਯੂਨੀਅਨ ਉਗਰਾਹਾਂ, ਬੂਟਾ ਸਿੰਘ ਸਰਪੰਚ ਪਿੰਡ ਚੱਠੇਵਾਲਾ, ਬਲਵਿੰਦਰ ਸਿੰਘ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਅਤੇ ਪਿੰਡ ਦੀ ਪੰਚਾਇਤ ਮੌਜੂਦ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਨੈਸ਼ਨਲ ਡੀ ਵਰਮਿੰਗ ਦਿਵਸ ਤਹਿਤ ਸਕੂਲਾਂ ਵਿੱਚ ਬੱਚਿਆਂ ਨੂੰ ਪੇਟ ਦੇ ਕੀੜੇ ਮਾਰਨ ਲਈ ਗੋਲੀਆਂ ਖਵਾਈਆਂ



ਤਲਵੰਡੀ ਸਾਬੋ, 07 ਅਗਸਤ (ਗੁਰਜੰਟ ਸਿੰਘ ਨਥੇਹਾ)– ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਦੀ ਅਗੁਵਾਈ ਹੇਠ ਸਿਹਤ ਬਲਾਕ ਤਲਵੰਡੀ ਸਾਬੋ ਅਧੀਨ 1 ਸਾਲ ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਅਲਬੈਂਡਾਜ਼ੋਲ ਦੀ ਡੋਜ਼ ਦੇ ਕੇ ਨੈਸ਼ਨਲ ਡੀ ਵਰਮਿੰਗ ਡੇ ਮਨਾਇਆ ਗਿਆ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਮਾਨਸਾ ਤੋਂ ਬੱਚਿਆਂ ਵਿੱਚ ਪੇਟ ਦੇ ਕੀੜਿਆਂ ਨੂੰ ਮਾਰਨ ਲਈ ਅਲਬੈਂਡਾਜੋਲ ਦੀ ਗੋਲੀ ਦੇ ਕੇ ਨੈਸ਼ਨਲ ਡੀ ਵਾਰਮਿੰਗ ਦਿਵਸ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਨੇ ਕਿਹਾ ਕਿ ਸਾਰੇ ਹੀ ਸਰਕਾਰੀ ਸਕੂਲ, ਪ੍ਰਾਈਵੇਟ ਸਕੂਲ, ਆਂਗਣਵਾੜੀ ਸੈਂਟਰ ਅਤੇ ਸਕੂਲ ਨਾ ਜਾਂਦੇ ਇੱਕ ਸਾਲ ਤੋਂ 19 ਸਾਲ ਦੇ ਬੱਚਿਆਂ ਨੂੰ ਇਹ ਗੋਲੀ ਖੁਆਈ ਜਾ ਰਹੀ ਹੈ। ਇਸ ਦਾ ਮੌਪ ਅੱਪ ਰਾਊਂਡ ਮਿਤੀ 14 ਅਗਸਤ ਨੂੰ ਕੀਤਾ ਜਾਣਾ ਹੈ। ਇਸ ਮੌਕੇ ਡਾ. ਧੀਰਜ ਜਿੰਦਲ ਅਤੇ ਡਾ. ਨਵਪ੍ਰੀਤ ਸਿੰਘ ਆਯੁਰਵੈਦਿਕ ਮੈਡੀਕਲ ਅਫਸਰ ਸਕੂਲ ਹੈਲਥ ਨੇ ਕਿਹਾ ਕਿ ਪੇਟ ਵਿੱਚ ਕੀੜੇ ਹੋਣ ਤੇ ਬੱਚਿਆਂ ਵਿਚ ਪੇਟ ਦਰਦ, ਖ਼ੂਨ ਦੀ ਕਮੀ, ਅਤੇ ਸਰੀਰਕ ਵਾਧਾ ਰੁਕ ਜਾਂਦਾ ਹੈ। ਉਹਨਾਂ ਕਿਹਾ ਕਿ ਨੰਗੇ ਪੈਰ ਚੱਲਣ, ਨਹੁੰਆਂ ਨੂੰ ਨਾ ਕੱਟਣ ਅਤੇ ਬਿਨਾਂ ਹੱਥ ਧੋਤੇ ਖਾਣਾ ਖਾਣ ਨਾਲ ਅਕਸਰ ਪੇਟ ਵਿੱਚ ਕੀੜਿਆਂ ਦੇ ਅੰਡੇ ਚਲੇ ਜਾਂਦੇ ਹਨ ਅਤੇ ਉੱਥੇ ਇਹ ਵਧਦੇ ਫੁੱਲਦੇ ਹਨ। ਖਾਣਾ ਖਾਣ ਅਤੇ ਪਖਾਨਾ ਜਾਣ ਤੋਂ ਬਾਅਦ ਆਪਣੇ ਹੱਥ ਸਾਬਣ ਨਾਲ ਜ਼ਰੂਰ ਧੋਣੇ ਚਾਹੀਦੇ ਹਨ। ਇਸ ਮੌਕੇ ਬਲਾਕ ਐਜੂਕੇਟਰ ਗੁਰਸਿਮਰਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਫਲ ਅਤੇ ਸਬਜੀਆਂ ਦਾ ਸੇਵਨ ਚੰਗੀ ਤਰ੍ਹਾਂ ਧੋਣ ਉਪਰੰਤ ਕੀਤਾ ਜਾਵੇ। ਇਸ ਮੌਕੇ ਸਕੂਲੀ ਸਟਾਫ, ਆਰਬੀਐਸਕੇ ਟੀਮ ਤਲਵੰਡੀ ਸਾਬੋ ਹਾਜ਼ਰ ਸਨ।

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਆਰੰਭੇ ਨਗਰ ਕੀਰਤਨ ਬਾਰੇ ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਵੱਲੋਂ

# ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਗ੍ਰਹਿ ਵਿਖੇ ਮੀਟਿੰਗ





ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਨੌਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 40 ਨਗਰ ਕੀਰਤਨ ਪੰਜਾਬ ਵਿੱਚ ਕੱਢੇ ਜਾ ਰਹੇ ਹਨ। ਇਸ ਸਬੰਧ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਗ੍ਰਹਿ ਵਿਖੇ ਸਮੂਹ ਆਗੂਆਂ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਹੁੰਚੇ ਸਮੂਹ ਪਤਵੰਤਿਆਂ ਨੇ ਨਗਰ ਕੀਰਤਨ ਵਿੱਚ ਪੂਰਨ ਸਹਿਯੋਗ ਦੇਣ ਦਾ ਦਾਅਵਾ ਕੀਤਾ।ਮੀਟਿੰਗ ਵਿੱਚ ਅਸਟਰੀਆ ਯੂਰਪ ਦੇ ਪ੍ਰਧਾਨ ਜੱਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਫੋਨ ਰਾਹੀਂ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਹਨਾਂ ਨੇ ਵੀ ਅਸਟਰੀਆ ਯੂਰਪ ਇਕਾਈ ਵੱਲੋਂ ਪੂਰਨ ਸਹਿਯੋਗ ਦੇਣ ਦਾ ਪ੍ਰਣ ਕੀਤਾ। ਬਾਬਾ ਸੱਜਣ ਸਿੰਘ ਜੀ ਵੱਲੋਂ ਪਹੁੰਚੇ ਸਮੂਹ ਆਗੂਆਂ ਦਾ ਧੰਨਵਾਦ ਕੀਤਾ ਤੇ ਜੀ ਆਇਆ ਕਿਹਾ। ਇਸ ਮੌਕੇ ਜੱਥੇਦਾਰ ਵਜੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨਤਾਰਨ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ, ਬਾਬਾ ਗੁਰਸਾਹਿਬ ਸਿੰਘ ਜੀ ਸਮਾਗਮ ਸੇਵਕ ਵਰਨਾਲਾ,ਡਾ ਕੰਵਲਜੀਤ ਸਿੰਘ ਬਾਸਰਕੇ, ਬਾਬਾ ਭਗਵਾਨ ਸਿੰਘ ਜੀ ਬਾਸਰਕੇ,ਬਾਬਾ ਸਤਨਾਮ ਸਿੰਘ ਜੀ ਅਲਗੋ ਖੁਰਦ ਇਕਾਈ ਪ੍ਰਧਾਨ, ਰਾਗੀ ਭਾਈ ਗੁਰਸੇਵਕ ਸਿੰਘ ਲੱਧੂ, ਸ੍ਰ ਗੁਰਜੀਤ ਸਿੰਘ ਵਾੜਾ,ਬਾਬਾ ਗੁਰਸੇਵਕ ਸਿੰਘ ਸਪੁੱਤਰ ਸ੍ਰ ਅਰੂੜ ਸਿੰਘ, ਰਾਗੀ ਭਾਈ ਕਿਰਪਾਲ ਸਿੰਘ ਪੋਤਰਾ ਸ਼ਹੀਦ ਭਾਈ ਸਰਵਣ ਸਿੰਘ ਜੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਸਟਰ ਅਵਤਾਰ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਨਮਿੱਤ ਸਰਧਾਂਜਲੀ ਸਮਾਗਮ









(**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ**)-ਨਗਰ ਵਾੜਾ ਸ਼ੇਰ ਸਿੰਘ ਤੋਂ ਮਾਸਟਰ ਅਵਤਾਰ ਸਿੰਘ ਜੀ ਜੋ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦੇ ਨਮਿੱਤ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਲਗੋ ਕਲਾਂ ਵਿਖੇ ਸਰਧਾਂਜਲੀ ਸਮਾਗਮ ਹੋਇਆ। ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਨਗਰ ਪਹੂਵਿੰਡ ਸਾਹਿਬ ਤੋਂ ਹਜੂਰੀ ਰਾਗੀ ਭਾਈ ਪਰਮਿੰਦਰ ਸਿੰਘ ਜੀ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਇਸ ਤੋਂ ਉਪਰੰਤ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਸਪੁੱਤਰ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਹਾਜਰੀ ਭਰੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਵੱਖ ਵੱਖ ਪਤਵੰਤੇ ਅਤੇ ਰਾਜਨੀਤਕ ਸ਼ਖਸ਼ੀਅਤਾਂ ਨੇ ਪਹੁੰਚ ਕੇ ਹਾਜਰੀ ਭਰੀ ।ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਬੇਅੰਤ ਸੰਗਤਾਂ ਨੇ ਹਾਜ਼ਰੀ ਭਰ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਸ੍ਰ ਰਮਨਬੀਰ ਸਿੰਘ ਨੰਬਰਦਾਰ ਸਪੁੱਤਰ ਸ੍ਰ ਮਾਸਟਰ ਸਿੰਘ ਵੱਲੋਂ ਪਹੁੰਚੇ ਹੋਏ ਸਮੂਹ ਪਤਵੰਤਿਆਂ ਦਾ ਸਿਰਪਾਓ ਦੇ ਕੇ ਸਨਮਾਨ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ ।ਇਸ ਮੌਕੇ ਸ੍ਰ ਸਰਵਣ ਸਿੰਘ ਧੁੰਨ MLA, ਸ੍ਰ ਸੁਖਪਾਲ ਸਿੰਘ ਭੁੱਲਰ, ਸ੍ਰ ਵਿਰਸਾ ਸਿੰਘ ਵਲਟੋਹਾ, ਸ੍ਰ ਜਰਨੈਲ ਸਿੰਘ ਸਾਬਕਾ ਚੇਅਰਮੈਨ ਅਲਗੋਂ ਕੋਠੀ , ਸ੍ਰ ਸੁਖਵਿੰਦਰ ਸਿੰਘ ਸੁੱਖ ਸਾਬਕਾ ਚੇਅਰਮੈਨ, ਬਾਬਾ ਗੁਰਨਾਮ ਸਿੰਘ ਜੀ ਹੈੱਡ ਗ੍ਰੰਥੀ, ਬਾਬਾ ਜਰਨੈਲ ਸਿੰਘ ਵਾੜਾ ਸ਼ੇਰ ਸਿੰਘ, ਗੁਰਸੇਵਕ ਸਿੰਘ ਮੰਗਾ ਦਰਸ਼ਨ ਸਿੰਘ ਨੰਬਰਦਾਰ, ਸ੍ਰ ਰਮਨਬੀਰ ਸਿੰਘ ਭੁੱਲਰ , ਸ੍ਰ ਰਾਜ ਸਿੰਘ, ਸ੍ਰ ਦਿਲਬੀਰ ਸਿੰਘ ਅਲਗੋਂ ਭਾਜਪਾ ਆਗੂ, ਗੁਰਪ੍ਰੀਤ ਸਿੰਘ ਅਲਗੋਂ, ਲਖਵਿੰਦਰ ਸਿੰਘ ਪੱਟੀ,ਬਾਬਾ ਦਇਆ ਸਿੰਘ ਜੀ, ਬਾਬਾ ਅਰੂੜ ਸਿੰਘ ਜੀ, ਸ੍ਰ ਸਤਨਾਮ ਸਿੰਘ , ਬਾਬਾ ਜਰਨੈਲ ਸਿੰਘ, ਗੁਰਸ਼ਰਨ ਸਿੰਘ, ਅਤੇ ਹੋਰ ਮੋਹਤਬਾਰ ਸਿੰਘ ਸਰਪੰਚ ਅਤੇ ਜਿੰਮੇਵਾਰ ਸਿੰਘ ਬੇਅੰਤ ਪਤਵੰਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੁਰਾਤਨ ਸੱਭਿਆਚਾਰ ਤੀਆਂ ਦਾ ਤਿਉਹਾਰ ਸਕੂਲ ਦੇ ਬੱਚਿਆਂ ਬੱਚੀਆਂ ਵੱਲੋਂ ਗਿੱਧਾ ਭੰਗੜਾ ਪਾ ਕੇ ਮਨਾਇਆ ਗਿਆ



**ਜੰਡਿਆਲਾ ਗੁਰੂ 7 ਅਗਸਤ( ਕੁਲਵੰਤ ਸਿੰਘ ਵਿਰਦੀ )**-ਪੁਰਾਤਨ ਪੰਜਾਬੀ ਸੱਭਿਆਚਾਰ ਤਹਿਤ ਪੰਜਾਬ ਭਰ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਰਿਹਾ ਹੈ ਅਤੇ ਇਸ ਤਿਉਹਾਰ ਤੇ ਪਿੰਡਾਂ ਸਹਿਰਾਂ ਦੀਆਂ ਖੂਬਸੂਰਤ ਪਿੱਪਲਾਂ ਬੋਹੜਾਂ ਦੀਆਂ ਛਾਵਾਂ ਦੇ ਥੱਲੇ ਗਿੱਧਾ ਭੰਗੜਾ ਤੇ ਪੀਘਾਂ ਪਾਈਆਂ ਜਾਦੀਆਂ ਸਨ ਪਰ ਅੱਜ ਇਹ ਪੁਰਾਤਨ ਸੱਭਿਆਚਾਰ ਵਿਰਸਾ ਅਲੋਪ ਹੋ ਰਿਹਾ ਹੈ ਲੇਕਿਨ ਇਸ ਵਿਰਸੇ ਨੂੰ ਕਿਤੇ ਨਾ ਕਿਤੇ ਸਕੂਲਾਂ ਵਿੱਚ ਸੰਭਾਲ ਕਿ ਰੱਖਿਆ ਹੋਇਆ ਹੈ ਜਿਸ ਦੇ ਚੱਲਦਿਆਂ ਬੀਤੇ ਦਿਨ ਸੰਤ ਸਿੰਘ ਸੁੱਖਾ ਸਿੰਘ ਮੋਡਰਨ ਹਾਈ ਸਕੂਲ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਣ ਮੇਲਾਂ ਬੜੀ ਧੂਮਧਾਮ ਨਾਲ ਮਨਾਇਆ ਗਿਆ। ਤੇ ਸਕੂਲ ਵਿੱਚ ਬੱਚਿਆ ਤੋ ਬੱਚੀਆਂ ਵਲੋਂ ਖੂਬ ਪੰਘੜਾ ਤੇ ਗਿੱਧਾਂ ਪਾਂ ਕੇ ਮਨੋਰੰਜਨ ਕੀਤਾ ਗਿਆ। ਬੱਚਿਆ ਦੇ ਖਾਣ ਪੀਣ ਲਈ ਬਰਗਰ, ਟਿੱਕੀਆਂ, ਨਿਊਡਲ,ਪੌਪਕੌਨ, ਗੋਲਗੱਪੇ, ਆਈਸਕਰੀਮ, ਦੇ ਸਟਾਲ ਲਗਾਏ ਗਏ।ਇਸ ਮੌਕੇ ਪ੍ਰਿੰਸੀਪਲ ਕੁਲਬੀਰ ਕੌਰ,ਸਰ ਪਰਮਜੀਤ ਸਿੰਘ,ਮੈਡਮ ਪ੍ਰਦੀਪ ਕੌਰ,ਮੈਡਮ ਕੁਲਦੀਪ ਕੌਰ,ਮੈਡਮ ਜੋਬਨਪ੍ਰੀਤ ਕੌਰ,ਡਿੰਪੀ ਸਰ ਗੁਰਵਿੰਦਰ ਸਿੰਘ, ਮੈਡਮ ਸਰਬਜੀਤ ਕੌਰ, ਮੈਡਮ ਰਾਜਵਿੰਦਰ ਕੌਰ, ਮੈਡਮ ਦਲਜੀਤ ਕੌਰ, ਮੈਡਮ ਊਸ਼ਾ,ਮੈਡਮ ਸੁਖਰਾਜ ਕੌਰ, ਮੈਡਮ ਬਲਜੀਤ ਕੌਰ, ਮੈਡਮ ਮਨਪ੍ਰੀਤ ਕੌਰ, ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਅੰਮ੍ਰਿਤਸਰ ਤੋਂ ਮਾਤਾ ਵੈਸ਼ਨੋ ਦੇਵੀ ਕਟੜਾ ਲਈ ਵੰਦੇ ਭਾਰਤ ਟ੍ਰੇਨ ਟਰੇਨ ਚਲਾਉਣ ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਬੱਲ ਮਲਕੀਤ ਸਿੰਘ ਨੇ ਕੀਤਾ ਧੰਨਵਾਦ

ਜੰਡਿਆਲਾ ਗੁਰੂ 7 ਅਗਸਤ ( ਕੁਲਵੰਤ ਸਿੰਘ ਵਿਰਦੀ )-ਰੇਲ ਮੰਤਰਾਲਾ ਰੇਲ ਯਾਤਰੀਆਂ ਦੇ ਹਿੱਤ 'ਚ ਇਕ ਨਵੀਂ ਵੰਦੇ ਭਾਰਤ ਟ੍ਰੇਨ ਚਲਾਉਣ ਜਾ ਰਿਹਾ ਹੈ, ਜੋ ਅੰਮ੍ਰਿਤਸਰ ਅਤੇ ਕਟੜਾ ਵਿਚਕਾਰ ਚੱਲੇਗੀ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਬੱਲ ਮਲਕੀਤ ਸਿੰਘ ਵਲੋ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ , ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਅਤੇ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਨਵ ਅਤੇ ਰੇਲ ਰਾਜ ਮੰਤਰੀ ਸ੍ਰ. ਰਵਨੀਤ ਸਿੰਘ ਬਿੱਟੂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਬੱਲ ਮਲਕੀਤ ਸਿੰਘ ਨੇ ਦੱਸਿਆ ਕਿ ਇਹ ਟ੍ਰੇਨ ਨੰਬਰ 26406 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਅੰਮ੍ਰਿਤਸਰ ਵੰਦੇ ਭਾਰਤ ਐਕਸਪ੍ਰੈੱਸ ਕਟੜਾ ਤੋਂ 6.40 ਮਿੰਟ 'ਤੇ ਰਵਾਨਾ ਹੋਵੇਗੀ, ਜੋ ਜੰਮੂਤਵੀ, ਪਠਾਨਕੋਟ ਕੈਂਟ ਜਲੰਧਰ ਸਿਟੀ ਬਿਆਸ ਤੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ 12.20 ਵਜੇ 'ਤੇ ਪਹੁੰਚੇਗੀ । ਵਾਪਸੀ 'ਤੇ ਇਹ ਟ੍ਰੇਨ ਅੰਮ੍ਰਿਤਸਰ ਤੋਂ 4.25 ਮਿੰਟ 'ਤੇ ਰਵਾਨਾ ਹੋਵੇਗੀ। 10 ਅਗਸਤ ਤੋਂ ਚੱਲਣ ਵਾਲੀ ਇਸ ਟ੍ਰੇਨ ਲਈ ਕਟੜਾ ਅਤੇ ਅੰਮ੍ਰਿਤਸਰ 'ਚ ਤਿਆਰੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਇਸ ਟਰੇਨ ਦੇ ਚੱਲਣ ਨਾਲ ਯਾਤਰੀਆਂ ਦਾ ਕਾਫੀ ਸਮਾਂ ਬਚੇਗਾ ਅਤੇ ਸਫ਼ਰ ਵੀ ਆਰਾਮਦਾਇਕ ਰਹੇਗਾ।



ਆਵਾਜ਼ਿ ਕੌਮ AWAZE QAUM International Newspaper & WEB TV

# ਹੁਣ ਪਟਵਾਰੀ ਕੋਲ ਜਾਣ ਦੀ ਜ਼ਰੂਰਤ ਨਹੀਂ, ਘਰ ਬੈਠੇ ਪ੍ਰਾਪਤ ਕਰੋ ਮਾਲ ਵਿਭਾਗ ਦੀਆਂ ਸੇਵਾਵਾਂ

## ਈਜ਼ੀ ਜਮ੍ਹਾਂਬੰਦੀ ਪੋਰਟਲ ਰਾਹੀਂ ਮਾਲ ਵਿਭਾਗ ਨਾਲ ਸਬੰਧਤ 6 ਸੇਵਾਵਾਂ ਲੋਕਾਂ ਲਈ ਆਨਲਾਈਨ ਉਪਲਬੱਧ : ਡਿਪਟੀ ਕਮਿਸ਼ਨਰ

ਪਟਿਆਲਾ, 7 ਅਗਸਤ (ਆਵਾਜ਼ਿ ਕੌਮ ਬਿਊਰੋ)- ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਵਸਨੀਕ ਮਾਲ ਵਿਭਾਗ ਨਾਲ ਸਬੰਧਤ 6 ਸੇਵਾਵਾਂ ਹੁਣ ਆਨਲਾਈਨ 'ਈਜ਼ੀ ਜਮ੍ਹਾਂਬੰਦੀ' ਪੋਰਟਲ ਰਾਹੀਂ ਵੀ ਪ੍ਰਾਪਤ ਕਰ ਸਕਦੇ ਹਨ। ਜਿਸ ਵਿੱਚ ਵਟਸਐਪ 'ਤੇ ਜਮ੍ਹਾਂਬੰਦੀ ਪ੍ਰਾਪਤ ਕਰਨਾ, ਇੰਤਕਾਲ ਕਰਵਾਉਣ, ਰਪਟ ਐਂਟਰੀ ਅਤੇ ਫਰਦ ਬਦਰ (ਜਮ੍ਹਾਂਬੰਦੀ 'ਚ ਰਿਕਾਰਡ ਦੀ ਦਰੁਸਤੀ) ਲਈ ਆਨਲਾਈਨ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਤੇ ਡੀ.ਐਸ.ਐਮ ਸੁਖਮੰਦਰ ਸਿੰਘ ਨਾਲ 'ਈਜ਼ੀ ਜਮ੍ਹਾਂਬੰਦੀ' ਪੋਰਟਲ ਸਬੰਧੀ ਬੈਠਕ ਕਰਦਿਆਂ ਕਿਹਾ ਕਿ ਇਸ ਸਬੰਧੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ, ਤਾਂ ਜੋ ਲੋਕ ਇਸ ਸੇਵਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਲੋਕਾਂ ਦੇ ਸਮੇਂ ਦੀ ਬੱਚਤ ਹੋਵੇਗੀ, ਉਥੇ ਹੀ ਬੇਲੋੜੀ ਖੱਜਲ ਖੁਆਰੀ ਵੀ ਖਤਮ ਹੋਵੇਗੀ। ਉਨ੍ਹਾਂ ਆਨਲਾਈਨ ਜਮ੍ਹਾਂਬੰਦੀ ਦੀ ਕਾਪੀ ਪ੍ਰਾਪਤ ਕਰਨ ਸਬੰਧੀ ਵੇਰਵੇ ਦਿੰਦਿਆਂ ਦੱਸਿਆ ਕਿ 'ਈਜ਼ੀ ਜਮ੍ਹਾਂਬੰਦੀ' ਪੋਰਟਲ 'ਤੇ ਜਾ ਕੇ ਆਪਣੇ ਵੇਰਵੇ ਦਰਜ ਕਰਕੇ ਜਮ੍ਹਾਂਬੰਦੀ ਦੀ ਕਾਪੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਜਮ੍ਹਾਂਬੰਦੀ ਉਪਰ ਡਿਜੀਟਲ ਤੌਰ 'ਤੇ ਦਸਤਖਤ ਹੋਣਗੇ ਅਤੇ ਇਸ ਉਪਰ ਕਿਊ.ਆਰ. ਕੋਡ ਵੀ ਹੋਵੇਗਾ ਜਿਸ ਨਾਲ ਕੋਈ ਵੀ ਜਮੀਨੀ ਰਿਕਾਰਡ ਦੀ ਤਸਦੀਕ ਕਰਨ ਲਈ ਕਿਊ.ਆਰ. ਕੋਡ ਨੂੰ ਸਕੈਨ ਕੀਤਾ ਜਾ ਸਕਦਾ ਹੈ ਅਤੇ ਇਹ ਫਰਦ ਸਾਰੇ ਥਾਵਾਂ 'ਤੇ ਮੰਨਣਯੋਗ ਹੈ ਤੇ ਇਸ ਸਬੰਧੀ ਸਰਕਾਰ ਵੱਲੋਂ ਸਾਰੇ ਅਦਾਰਿਆਂ ਨੂੰ ਹਦਾਇਤਾ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਫਰਦ ਬਦਰ (ਜਮ੍ਹਾਂਬੰਦੀ ਵਿੱਚ ਰਿਕਾਰਡ ਦੀ ਸੋਧ) ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਮੀਨੀ ਰਿਕਾਰਡ (ਜਿਵੇਂ ਕਿ ਨਾਮ ਤੇ ਰਕਬੇ ਵਿੱਚ ਸੋਧ) ਵਿੱਚ ਗਲਤੀਆਂ ਨੂੰ ਠੀਕ ਕਰਨ ਲਈ ਲੋਕਾਂ ਨੂੰ ਹੁਣ ਸਰਕਾਰੀ ਦਫਤਰਾਂ/ਪਟਵਾਰੀਆਂ ਕੋਲ ਜਾਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹੁਣ ਲੋੜੀਂਦੇ ਦਸਤਾਵੇਜ਼ਾਂ ਵਾਲਾ ਸਧਾਰਨ ਫਾਰਮ ਆਨਲਾਈਨ ਜਮ੍ਹਾਂ ਕੀਤਾ ਜਾ ਸਕਦਾ ਹੈ ਅਤੇ ਅਰਜੀ ਦੀ ਪ੍ਰਕਿਰਿਆ 15 ਦਿਨਾਂ ਦੀ ਸਮਾਂ ਸੀਮਾ ਅੰਦਰ ਕੀਤੀ ਜਾਵੇਗੀ ਅਤੇ ਨਾਲ ਹੀ ਇਨ੍ਹਾਂ ਸੇਵਾਵਾਂ ਲਈ ਅਰਜੀ ਫੀਸ ਵੀ ਆਨਲਾਈਨ ਅਦਾ ਕੀਤੀ ਜਾਵੇਗੀ। ਜਮ੍ਹਾਂਬੰਦੀ ਲਈ ਸਬਸਕ੍ਰਾਈਬ ਕਰੋ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਮੀਨ ਦੀ ਮਾਲਕੀ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਨੇ 'ਆਪਣੇ ਜਮੀਨੀ ਰਿਕਾਰਡ ਲਈ ਸਬਸਕ੍ਰਾਈਬ ਕਰੋ' ਪੋਰਟਲ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਬਹੁਤ ਸਾਰੇ ਜਮੀਨੀ ਰਿਕਾਰਡ ਵਿੱਚ ਮਾਲਕ ਦੀ ਜਾਣਕਾਰੀ ਤੋਂ ਬਿਨਾਂ ਹੀ ਬਦਲਾਅ ਕਰ ਦਿੱਤੇ ਜਾਂਦੇ ਸਨ ਅਤੇ ਅਕਸਰ ਉਨ੍ਹਾਂ ਨੂੰ ਕਈ ਸਾਲਾਂ ਬਾਅਦ ਪਤਾ ਲੱਗਦਾ ਸੀ ਜਿਸ ਉਪਰੰਤ ਉਨ੍ਹਾਂ ਨੂੰ ਇਸ ਰਿਕਾਰਡ ਨੂੰ ਦਰੁਸਤ ਕਰਵਾਉਣ ਲਈ ਅਦਾਲਤਾਂ ਵਿੱਚ ਲੰਬੇ ਕਾਨੂੰਨੀ ਸੰਘਰਸ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਇਸ ਸਰਵਿਸ ਤਹਿਤ ਜਮੀਨ ਮਾਲਕ ਆਪਣੀ ਖੇਵਟ ਦੀ ਪ੍ਰਤੀ ਖੇਵਟ 500 ਰੁਪਏ ਦੀ ਸਾਲਾਨਾ ਫੀਸ ਦੇ ਕੇ ਆਪਣੇ ਜਮੀਨੀ ਰਿਕਾਰਡ ਨੂੰ ਸਬਸਕ੍ਰਾਈਬ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਹੁਣ ਕੋਈ ਵੀ ਵਿਅਕਤੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠ ਕੇ ਡਿਜੀਟਲ ਰੂਪ ਵਿੱਚ ਆਪਣੀ ਜਮੀਨ ਨੂੰ ਸੁਰੱਖਿਅਤ ਕਰਨ ਦੇ ਯੋਗ ਹੈ। ਉਨ੍ਹਾਂ ਦੱਸਿਆ ਕਿ ਜੇਕਰ ਸਬਸਕ੍ਰਾਈਬ ਕੀਤੇ ਰਿਕਾਰਡ ਨਾਲ ਛੇੜਛਾੜ ਕਰਨ ਦੀ ਕੋਈ ਵੀ ਕੋਸ਼ਿਸ ਕੀਤੀ ਜਾਂਦੀ ਹੈ ਤਾਂ ਜਮੀਨ ਮਾਲਕ ਨੂੰ ਵਟਸਐਪ ਜਾਂ ਈਮੇਲ ਰਾਹੀਂ ਤੁਰੰਤ ਅਲਰਟ ਮਿਲ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243